ਜੀਵਨ ਜਾਚ

ਡਾ.ਹਰਸ਼ਿੰਦਰ ਕੌਰ ਐੱਮ.ਡੀ.

ਮੈਂ ਅੱਜ ਇਸ ਲੇਖ ਵਿੱਚ ਇੱਕ ਬੁੱਧੀਜੀਵੀ ਨਾਲ ਕੁੱਝ ਪਲ ਬਹਿ ਕੇ ਜੋ ਉਸ ਕੋਲੋਂ ਸਿੱਖਿਆ, ਉਸ ਦਾ ਹੀ ਜ਼ਿਕਰ ਕਰਨ ਲੱਗੀ ਹਾਂ। ਉਸ ਨੇ ਮੇਰੇ ਨਾਲ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਸਮਝਾਇਆ ਸੀ ਕਿ ਇਹ ਗੱਲਾਂ ਸਿਰਫ਼ ਉਸ ਇਨਸਾਨ ਨੂੰ ਸਮਝ ਆ ਸਕਦੀਆਂ ਹਨ, ਜਿਸ ਨੇ ਜ਼ਿੰਦਗੀ ਦੇ ਸੂਖਮ ਪਲਾਂ ਨੂੰ ਅਨੁਭਵ ਕੀਤਾ ਹੋਵੇ, ਕਿਸੇ ਵਾਸਤੇ ਪਿਆਰ ਵਿੱਚ ਕੁਰਬਾਨੀ ਕੀਤੀ ਹੋਵੇ, ਕਿਸੇ ਦੇ ਪਿਆਰ ਦੇ ਹਿਲੌਰੇ ਵਿੱਚ ਉੱਡ ਕੇ ਦੇਖਿਆ ਹੋਵੇ, ਕਿਸੇ ਹੋਰ ਦੇ ਦਰਦ ਨੂੰ ਮਹਿਸੂਸ ਕਰ ਕੇ ਉਸ ਦੇ ਦਰਦ ਨੂੰ ਵੰਡਾਇਆ ਹੋਵੇ ਜਾਂ ਕਿਸੇ ਚੋਟੀ ਦੇ ਅਮੀਰ ਤੇ ਕਿਸੇ ਉੱਕਾ ਹੀ ਫ਼ਕੀਰ ਕੋਲ ਬਹਿ ਕੇ ਉਸ ਦੀ ਜ਼ਿੰਦਗੀ ਦੇ ਅਨੁਭਵਾਂ ਦੇ ਨਿਚੋੜ ਨੂੰ ਸਮਝਿਆ ਹੋਵੇ।

ਉਸ ਮੈਨੂੰ ਪੁੱਛਿਆ," ਕੀ ਤੂੰ ਵੀ ਬਚਪਨ ਵਿੱਚ ਸਾਰਿਆਂ ਵਾਂਗ ਵਿਰੋਧੀ ਸ਼ਬਦ ਯਾਦ ਕਰਦੀ ਹੁੰਦੀ ਸੀ, ਚੰਗਾ-ਮਾੜਾ, ਈਮਾਨਦਾਰ-ਬੇਈਮਾਨ, ਉੱਚਾ-ਨੀਵਾਂ, ਸੱਚਾ-ਝੂਠਾ, ਅਮੀਰ-ਗਰੀਬ, ਲਾਇਕ-ਨਲਾਇਕ, ਆਦਿ ?" ਮੈਂ ਹਾਂ ਵਿੱਚ ਸਿਰ ਹਿਲਾਇਆ ਤਾਂ ਉਸ ਕਿਹਾ," ਹੁਣ ਡੂੰਘਿਆਈ ਨਾਲ ਸੋਚ। ਜਦੋਂ ਅਸੀਂ ਕਿਸੇ ਵੀ ਜਣੇ ਨੂੰ ਸੱਚਾ ਕਹਿੰਦੇ ਹਾਂ ਤਾਂ ਇਸ ਦਾ ਮਤਲਬ ਸਾਫ਼ ਹੈ ਕਿ ਅਸੀ ਬਾਕੀਆਂ ਵਿੱਚੋਂ ਇਸ ਨੂੰ ਅਲੱਗ ਮੰਨਦੇ ਹੋਏ ਆਪਣੇ ਸਮੇਤ ਬਾਕੀਆਂ ਨੂੰ ਝੂਠੇ ਕਹਿ ਦਿੱਤਾ ਹੈ। ਇਹ ਮਾਪਦੰਡ ਸਾਡੇ ਆਪਣੇ ਹੀ ਬਣਾਏ ਹੋਏ ਹਨ ਕਿ ਕੌਣ ਅਮੀਰ ਹੁੰਦਾ ਹੈ ਤੇ ਕਿਸ ਨੂੰ ਗਰੀਬ ਕਹਿਣਾ ਹੈ। ਏਸੇ ਹੀ ਤਰ੍ਹਾਂ ਬੇਈਮਾਨਾਂ ਨੂੰ ਤੈਅ ਕਰਨ ਤੋਂ ਬਾਅਦ ਅਸੀਂ ਕਿਸੇ ਇੱਕ ਨੂੰ ਈਮਾਨਦਾਰ ਹੋਣ ਦੀ ਉਪਾਧੀ ਦੇ ਦਿੰਦੇ ਹਾਂ। ਬਿਲਕੁਲ ਇੰਝ ਹੀ ਅਸੀਂ ਪਹਿਲਾਂ ਨਾਲਾਇਕ ਤੈਅ ਕਰਦੇ ਹਾਂ ਤੇ ਫੇਰ ਉਨ੍ਹਾਂ ਵਿੱਚੋਂ ਇੱਕ ਨੂੰ ਲਾਇਕ ਬਣਾ ਦਿੰਦੇ ਹਾਂ।"

ਇਸ ਦਾ ਸਾਫ਼ ਮਤਲਬ ਨਿਕਲਦਾ ਹੈ ਕਿ ਅਸੀਂ ਹਰ ਕਿਸੇ ਨੂੰ ਇੱਕੋ ਥੈਲੀ ਦੇ ਚੱਟੇ-ਬੱਟੇ ਬਣਾ ਕੇ, ਉਸ ਮਾਪ ਦੰਡ ਵਿੱਚੋਂ ਵੱਖਰਾ ਨਿਕਲਣ ਵਾਲੇ ਨੂੰ ਬਾਕੀਆਂ ਤੋਂ ਉਲਟ ਗਿਣਦੇ ਹਾਂ। ਜੇ ਕਲਾਸ ਵਿੱਚ ਇੱਕ ਲਾਇਕ ਹੈ ਤਾਂ ਸਾਰੇ ਆਪੇ ਹੀ ਉਲਟ ਗਿਣੇ ਗਏ। ਜੇ ਕੋਈ ਸ਼ੈਤਾਨ ਹੈ ਤਾਂ ਬਾਕੀ ਆਪਣੇ-ਆਪ ਸ਼ਰੀਫ਼ ਬਣ ਜਾਣੇ ਹੋਏ।

ਜੇ ਕੋਈ ਇੱਕ ਜਣਾ ਖੁਸ਼ ਹੋਇਆ ਦਿੱਸਦਾ ਹੈ ਤਾਂ ਦੂਜਾ ਉਸ ਦੀ ਖੁਸ਼ੀ ਵੇਖ ਕੇ ਹੀ ਉਦਾਸ ਹੋ ਜਾਂਦਾ ਹੈ ਕਿ ਉਹ ਸੁੱਖੀ ਹੈ ਤੇ ਮੈਂ ਜ਼ਰੂਰ ਦੁੱਖੀ ਹੋਵਾਂਗਾ।

ਡਾਕਟਰੀ ਵਿਗਿਆਨ ਤਾਂ ਦਰਅਸਲ ਸਾਰਾ ਇਸੇ ਮਾਪਦੰਡ ਉੱਤੇ ਹੀ ਆਧਾਰਿਤ ਹੈ ਕਿ ਜੇ ਕਿਸੇ ਦੀ ਬਲੈੱਡ ਪ੍ਰੈਸ਼ਰ ਦੀ ਬੀਮਾਰੀ ਲੱਭਣੀ ਹੈ ਤਾਂ ਉਸ ਲਈ ਪਹਿਲਾਂ ਢੇਰ ਸਾਰੇ ਬੰਦਿਆਂ ਦਾ ਬਲੱਡ ਪ੍ਰੈਸ਼ਰ ਵੇਖ ਕੇ ਇੱਕ ਲਾਇਨ ਖਿੱਚ ਦਿੱਤੀ ਜਾਂਦੀ ਹੈ ਕਿ ਇਹ ਨਾਰਮਲ ਬਲੱਡ ਪ੍ਰੈਸ਼ਰ ਹੁੰਦਾ ਹੈ। ਫੇਰ ਹੀ ਇਹ ਕਿਹਾ ਜਾਂਦਾ ਹੈ ਕਿ ਜੇ ਇਸ ਤੋਂ ਵੱਧ ਹੋਇਆ ਜਾਂ ਇਸ ਤੋਂ ਘੱਟ ਹੋਇਆ ਤਾਂ ਉਹ ਨਾਰਮਲ ਨਹੀਂ ਹੈ। ਇਸੇ ਹੀ ਤਰ੍ਹਾਂ ਸ਼ੱਕਰ ਰੋਗ ਲਈ ਵੀ ਇੱਕ ਲਾਇਨ ਖਿੱਚ ਦਿੱਤੀ ਗਈ ਹੈ ਤੇ ਹੋਰਨਾਂ ਰੋਗਾਂ ਲਈ ਵੀ। ਕਿਸੇ ਵੀ ਇਨਸਾਨ ਨੂੰ ਬੁਖਾਰ ਹੋਇਆ ਵੀ ਤਾਂ ਹੀ ਗਿਣਿਆ ਜਾਂਦਾ ਹੈ ਜੇ ਅਸੀਂ ਢੇਰ ਸਾਰੇ ਬੰਦਿਆਂ ਲਈ ਕੋਈ ਨਾਰਮਲ ਹੱਦ ਆਪ ਹੀ ਬੰਨ੍ਹ ਛੱਡੀ ਹੋਈ ਹੈ।

ਦੁਨੀਆਂ ਵਿਚਲੀਆਂ ਲਗਭਗ ਸਾਰੀਆਂ ਖੋਜਾਂ ਹੀ ਇਸੇ ਤਰੀਕੇ ਕੱਢੀਆਂ ਜਾਂਦੀਆਂ ਹਨ ਕਿ ਨਾਰਮਲ ਤੋਂ ਕੁੱਝ ਵੱਖ ਕੀਤਾ ਜਾਏ। ਵਿਗਿਆਨ ਅਨੁਸਾਰ ਦੋ ਵੱਖ-ਵੱਖ ਕਾਰਾਂ ਵਿੱਚ ਇੱਕੋ ਸਪੀਡ ਉੱਤੇ ਇੱਕੋ ਪਾਸੇ ਜੇ ਦੋ ਜਣੇ ਸਫ਼ਰ ਕਰ ਰਹੇ ਹੋਣਗੇ ਤਾਂ ਉਹ ਇੱਕ-ਦੂਜੇ ਲਈ ਇੱਕੋ ਥਾਂ ਖੜ੍ਹੇ ਹੀ ਲੱਗਣਗੇ। ਜਿਉਂ ਹੀ ਇੱਕ ਜਣਾ ਅੱਗੇ ਲੰਘਿਆ ਤਾਂ ਰੇਸ ਸ਼ੁਰੂ ਹੋਈ ਸਮਝੋ। ਇੱਕ -ਦੂਜੇ ਤੋਂ ਅੱਗੇ ਲੰਘਣ ਦੀ ਹੋੜ ਇਸ ਲਈ ਸ਼ੁਰੂ ਹੋ ਜਾਏਗੀ ਕਿਉਂਕਿ ਜੇ ਇੱਕ ਜਣਾ ਹਾਰੇਗਾ ਤਾਂ ਹੀ ਦੂਜਾ ਜਿੱਤਿਆ ਗਿਣਿਆ ਜਾਏਗਾ।

ਇਹ ਸੋਚ ਇਨਸਾਨੀ ਦਿਮਾਗ ਵਿੱਚ ਏਨੀ ਡੂੰਘੀ ਤਰ੍ਹਾਂ ਵੜ ਚੁੱਕੀ ਹੈ ਕਿ ਕਿਸੇ ਦੇ ਵੀ ਅਗਾਂਹ ਵੱਧਣ ਬਾਰੇ ਸੁਣਦੇ ਸਾਰ ਸਾੜਾ ਹੋਣਾ ਕੁਦਰਤੀ ਹੈ, ਕਿਉਂਕਿ ਸਾਡਾ ਦਿਮਾਗ ਜਿੱਤ ਦਾ ਉਲਟ ਸ਼ਬਦ ਹਾਰ ਫੱਟ ਆਪਣੇ ਉੱਤੇ ਲਾਗੂ ਕਰ ਲੈਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਭਰਾ-ਭਰਾ ਵੀ ਆਪਸ ਵਿੱਚ ਦੁਸ਼ਮਣੀ ਪਾਲ ਲੈਂਦੇ ਹਨ ਅਤੇ ਪਿਉ -ਪੁੱਤ ਵਿੱਚ ਵੀ ਪਾੜ ਪੈ ਜਾਂਦੇ ਹਨ। ਜੇ ਪੈਸੇ ਦਾ ਮਾਮਲਾ ਹੋਵੇ ਤਾਂ ਇੱਕ ਜਣੇ ਨੂੰ ਅਮੀਰ ਵੇਖ ਕੇ ਦੂਜੇ ਦੇ ਦਿਮਾਗ ਨੇ ਆਪਣੇ ਆਪ ਨੂੰ ਗਰੀਬ ਸਮਝਦੇ ਹੋਏ ਪੈਸਾ ਛੇਤੀ ਕਮਾਉਣ ਦੇ ਢੰਗ ਲੱਭਣ ਲੱਗ ਪੈਣੇ ਹਨ।

ਗੁਆਂਢੀ ਦੇ ਘਰ ਖੁਸ਼ੀ ਦੀ ਗੱਲ ਸੁਣਦੇ ਸਾਰ ਸਹਿਜ ਹੋਣ ਦੀ ਥਾਂ ਬਚਪਨ ਤੋਂ ਸਿੱਖੇ ਸ਼ਬਦ ਲਾਗੂ ਕਰਦਾ ਹੋਇਆ ਸਾਡਾ ਦਿਮਾਗ ਬਦੋਬਦੀ ਗਮੀ ਬਾਰੇ ਸੋਚਦਾ ਹੈ। ਨਤੀਜਾ ਇਹ ਕਿ ਭਾਵੇਂ ਬਾਹਰੀ ਪੱਖੋਂ ਅਸੀਂ ਦੂਜਿਆਂ ਦੀ ਖੁਸ਼ੀ ਵਿੱਚ ਸ਼ਾਮਿਲ ਹੁੰਦੇ ਹਾਂ ਪਰ ਮਨ ਦੀਆਂ ਡੂੰਘੀਆਂ ਪਰਤਾਂ ਵਿੱਚ ਅਫ਼ਸੋਸ ਦਾ ਬੀਜ ਪੁੰਗਰਦਾ ਜ਼ਰੂਰ ਹੈ ਕਿ ਅਸੀਂ ਹੁਣ ਉਲਟ ਪਾਸੇ ਯਾਨੀ ਗ਼ਮ ਵਾਲਿਆਂ ਵਿੱਚ ਗਿਣੇ ਜਾਵਾਂਗੇ। ਇਹ ਮਨੋ-ਵਿਗਿਆਨਿਕ ਹਕੀਕਤ ਹੈ ਅਤੇ ਜਿਹੜੇ ਨਕਾਰਦੇ ਹਨ ਜਾਂ ਸਮਝਦੇ ਹਨ ਕਿ ਅਜਿਹਾ ਕੁੱਝ ਵੀ ਉਨ੍ਹਾਂ ਅੰਦਰ ਨਹੀਂ ਹੈ, ਤਾਂ ਅਫ਼ਸੋਸ ਕਿ ਉਨ੍ਹਾਂ ਆਪਣੇ ਮਨ ਅੰਦਰ ਕਦੇ ਝਾਤ ਮਾਰੀ ਹੀ ਨਹੀਂ ਕਿ ਉਹ ਕੀ ਕਹਿ ਰਿਹਾ ਹੈ। ਅਜਿਹੇ ਵਿਚਾਰ ਆਉਣੇ ਨਾਰਮਲ ਇਨਸਾਨ ਦੀ ਨਿਸ਼ਾਨੀ ਹੈ।

ਕਿਸੇ ਨੂੰ ਸਫ਼ਲ ਹੁੰਦੇ ਦੇਖ ਕੇ ਸਾਡੇ ਮਨ ਵਿੱਚ ਅਸਫਲਤਾ ਦਾ ਬੀਜ ਪੁੰਗਰ ਪੈਂਦਾ ਹੈ ਅਤੇ ਸਫ਼ਲਤਾ ਦੀ ਪੌੜੀ ਚੜ੍ਹਨ ਲਈ ਮਨ ਉਕਸਾਉਂਦਾ ਹੈ। ਜਿਹੜੇ ਸਿਆਣੇ ਲੋਕ ਆਪਣੇ ਮਨ ਅੰਦਰਲੇ ਵਿਚਾਰਾਂ ਨੂੰ ਆਪਣੇ ਹਾਵਾਂ-ਭਾਵਾਂ ਨਾਲ ਦੱਬ ਸਕਦੇ ਹੋਣ, ਉਹ ਤਾਂ ਨਾਰਮਲ ਹੋਣ ਦਾ ਇਜ਼ਹਾਰ ਕਰਦੇ ਰਹਿੰਦੇ ਹਨ। ਕੁੱਝ ਲੋਕ ਜਿਨ੍ਹਾਂ ਦੀ ਆਪਣੀ ਸੋਚ ਉੱਤੇ ਕਾਬੂ ਪਾਉਣ ਦੀ ਸਮਰੱਥਾ ਨਾ ਹੋਵੇ, ਉਹ ਹੋਛੇਪਨ ਉੱਤੇ ਉੱਤਰ ਕੇ ਸਫ਼ਲ ਬੰਦੇ ਨੂੰ ਹੀ ਆਪਣੀ ਪੌੜੀ ਬਣਾ ਕੇ ਉਸ ਉੱਤੇ ਚੜ੍ਹਨ ਦੀ ਕੋਸ਼ਿਸ਼ ਵਿੱਚ ਲੱਗ ਜਾਂਦੇ ਹਨ।

ਜਿਨ੍ਹਾਂ ਨੂੰ ਕੋਈ ਹੋਰ ਰਾਹ ਨਾ ਲੱਭੇ, ਉਹ ਸਫ਼ਲ ਬੰਦੇ ਦੀ ਝੂਠੀ ਹਾਰ ਬਾਰੇ ਰੌਲਾ ਪਾ ਕੇ ਇਹ ਸਾਬਤ ਕਰਨ ਵਿੱਚ ਲੱਗੇ ਰਹਿੰਦੇ ਹਨ ਕਿ ਮੈਂ ਜਿੱਤ ਗਿਆ ਹੋਇਆ ਹਾਂ। ਜ਼ਾਹਿਰ ਹੈ ਜਿੰਨੀ ਤੇਜ਼ੀ ਨਾਲ ਕੋਈ ਸਥਾਪਿਤ ਬੰਦਿਆਂ ਦੇ ਝੁੰਡ ਨੂੰ ਚੀਰ ਕੇ ਅਗਾਂਹ ਵੱਧਦਾ ਦਿਸੇਗਾ, ਓਨੀਆਂ ਹੀ ਜ਼ਿਆਦਾ ਉਂਗਲਾਂ ਉਸ ਉੱਤੇ ਚੁੱਕੀਆਂ ਜਾਣਗੀਆਂ ਕਿਉਂਕਿ ਸ਼ਹਿ ਅਤੇ ਮਾਤ ਵਾਲੀ ਸੋਚ ਓਨੀ ਹੀ ਜ਼ੋਰ-ਸ਼ੋਰ ਨਾਲ ਹਾਵੀ ਹੋ ਜਾਣੀ ਹੋਈ।

ਜਿਹੜੇ ਲੋਕ ਸਿਆਣੇ ਹੋਣ, ਉਹ ਸਿਰਫ਼ ਸਾੜੇ ਦੇ ਸ਼ਿਕਾਰ ਹੋਣ ਨਾਲੋਂ ਕਿਸੇ ਵੱਖਰੇ ਤਰੀਕੇ ਸਫ਼ਲ ਹੋਣ ਦੇ ਗੁਰ ਭਾਲਦੇ ਹਨ। ਜਿਹੜੇ ਜਣੇ ਮਿਹਨਤ ਵਾਲਾ ਰਸਤਾ ਨਹੀਂ ਫੜ ਸਕਦੇ, ਉਹ ਕਿਸੇ ਵੀ ਨਾਮਵਰ ਇਨਸਾਨ ਵੱਲ ਉਂਗਲ ਚੁੱਕ ਕੇ ਉਸ ਨੂੰ ਆਪਣੀ ਪੱਧਰ ਉੱਤੇ ਲਿਆ ਕੇ ਖੜ੍ਹਾ ਕਰਨ ਦੀ ਕੋਸ਼ਿਸ਼ ਵਿੱਚ ਲੱਗ ਜਾਂਦੇ ਹਨ, ਤਾਂ ਜੋ ਸਫ਼ਲਤਾ ਅਤੇ ਅਸਫਲਤਾ ਦਾ ਉਨ੍ਹਾਂ ਦੇ ਮਨ ਨੇ ਜੋ ਫ਼ਰਕ ਬਣਾ ਲਿਆ ਹੁੰਦਾ ਹੈ, ਉਹ ਮੇਟਿਆ ਜਾ ਸਕੇ। ਅਜਿਹੇ ਮੌਕੇ ਵਾਸਤੇ ਹੀ ਬਿੱਲ ਗੇਟਸ ਵਰਗੇ ਤਜ਼ਰਬੇਕਾਰ ਨੇ ਕਿਹਾ ਸੀ ਕਿ ਬੇਵਕੂਫਾਂ ਨਾਲ ਕਦੇ ਬਹਿਸ ਨਾ ਕਰੋ ਕਿਉਂਕਿ ਉਹ ਪਹਿਲਾਂ ਤੁਹਾਨੂੰ ਆਪਣੀ ਨੀਵੀਂ ਪੱਧਰ ਦੀ ਸੋਚ ਉੱਤੇ ਲੈ ਜਾਂਦੇ ਹਨ ਤੇ ਫੇਰ ਆਪਣੀ ਬੇਫ਼ਕੂਫੀ ਦੇ ਤਜ਼ਰਬੇ ਨਾਲ ਤੁਹਾਨੂੰ ਹਰਾ ਦਿੰਦੇ ਹਨ।

ਕਿਸੇ ਅਮੀਰ ਨੂੰ ਜਦੋਂ ਗਰੀਬ ਲੁੱਟਦਾ ਹੈ ਤਾਂ ਵੀ ਉਸ ਦਾ ਮਨ ਆਪਣੇ ਅੰਦਰਲੇ ਉਪਜੇ ਪੁੱਠੇ ਸ਼ਬਦਾਂ ਉੱਤੇ ਰੋਕ ਲਾਉਣ ਵਿੱਚ ਸਹਾਈ ਹੋ ਰਿਹਾ ਹੁੰਦਾ ਹੈ।

ਇਹ ਸਾਰਾ ਰੌਲਾ-ਰੱਪਾ ਸਿਰਫ਼ ਇਹੀ ਹੈ ਕਿ ਅਸੀਂ ਕਿਸੇ ਦੀ ਜਾਂ ਆਪਣੀ ਹਰ ਨਵੀਂ ਪ੍ਰਾਪਤੀ ਨਾਲ ਵਿਰੋਧੀ ਸ਼ਬਦ ਫੱਟ ਜੋੜ ਲੈਂਦੇ ਹਾਂ ਤੇ ਕਿਸੇ ਵੀ "ਚੰਗੇ" ਇਨਸਾਨ ਦੇ ਸਾਹਮਣੇ ਖੜ੍ਹੇ ਆਪਣੇ ਆਪ ਨੂੰ ਉਸ ਤੋਂ ਉਲਟ ਯਾਨੀ "ਭੈੜਾ" ਹੀ ਸਮਝ ਲੈਂਦੇ ਹਾਂ ਨਾ ਕਿ ਨਾਰਮਲ! ਇਹੀ ਫਸਾਦ ਦੀ ਜੜ੍ਹ ਹੈ।

ਜਿਸ ਦਿਨ ਸਹਿਜ ਜਾਂ " ਵਿਚਕਾਰਲਾ ਮੇਲ " ਵਾਲਾ ਅਰਥ ਸਾਡੀ ਸਮਝ ਵਿੱਚ ਆ ਗਿਆ ਤਾਂ ਸਾਡੇ ਮਨ ਅੰਦਰਲਾ ਵਿਰੋਧੀ ਸ਼ਬਦ ਆਪਣੇ ਆਪ ਦੱਬ ਕੇ ਰਹਿ ਜਾਵੇਗਾ ਕਿ ਹਰ ਕਿਸੇ ਦੇ ਖਿਲਾਫ਼ ਜੰਗ ਛੇੜ ਕੇ ਹੀ ਨਹੀਂ, ਬਲਕਿ ਪਿਆਰ, ਮੁਹੱਬਤ ਅਤੇ ਮਿਲਵਰਤਣ ਨਾਲ ਵੀ ਰਿਹਾ ਜਾ ਸਕਦਾ ਹੈ। ਇਸ ਤਰ੍ਹਾਂ ਕਿਸੇ ਵੀ ਬੁੱਧੀਮਾਨ ਦੇ ਨੇੜੇ ਬਹਿ ਕੇ ਉਸ ਅੰਦਰੋਂ ਫੁੱਟਦੇ ਗਿਆਨ ਦੇ ਸੋਮੇ ਗ੍ਰਹਿਣ ਕੀਤੇ ਜਾ ਸਕਦੇ ਹਨ, ਨਹੀਂ ਤਾਂ ਸਿਰਫ਼ ਆਪਣੇ ਆਪ ਨੂੰ ਉਸ ਦੇ ਉਲਟ ਯਾਨੀ ਬੇਵਕੂਫ਼ ਸਮਝਦੇ ਹੋਏ ਪਾਸਾ ਛੱਡ ਕੇ ਪਰ੍ਹਾਂ ਬਹਿ ਜਾਵਾਂਗੇ।

ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਮੈਨੂੰ ਹਮੇਸ਼ਾਂ ਸਮਝਾਇਆ ਕਰਦੇ ਸਨ ਕਿ ਜ਼ਿੰਦਗੀ ਦੇ ਹਰ ਪੜਾਅ ਉੱਤੇ ਆਪਣੇ ਆਪ ਨੂੰ ਵਿਦਿਆਰਥੀ ਸਮਝਦੇ ਹੋਏ ਕਿਸੇ ਵੀ ਸੂਝਵਾਨ ਤੋਂ ਕੁੱਝ ਗ੍ਰਹਿਣ ਕਰਦੇ ਰਹੋ ਤਾਂ ਇਹ ਵਿਰੋਧੀ ਵਿਚਾਰਧਾਰਾ ਆਪਣੇ-ਆਪ ਖਤਮ ਹੋ ਜਾਂਦੀ ਹੈ ਅਤੇ ਤੁਹਾਡੇ ਅੰਦਰ ਵੀ ਗਿਆਨ ਦਾ ਸੋਮਾ ਫੁੱਟਣਾ ਸ਼ੁਰੂ ਹੋ ਜਾਂਦਾ ਹੈ। ਮੈਨੂੰ ਉਨ੍ਹਾਂ ਕਿਹਾ ਸੀ ਕਿ ਸਿੱਖਿਆ ਗ੍ਰਹਿਣ ਕਰਨ ਵਾਲੇ ਨੂੰ ਹਮੇਸ਼ਾਂ ਨਿਮਰਤਾ ਭਰਪੂਰ ਹੀ ਰਹਿਣਾ ਪੈਂਦਾ ਹੈ ਅਤੇ ਜਿੱਥੋਂ ਵੀ ਕੋਈ ਚੱਜ ਦੀ ਗੱਲ ਹਾਸਲ ਹੋ ਰਹੀ ਹੋਵੇ, ਉਹ ਹਰ ਕੀਮਤ ਉੱਤੇ ਲੈ ਲੈਣੀ ਚਾਹੀਦੀ ਹੈ।

ਮੈਨੂੰ ਵੀ ਅਜਿਹਾ ਇੱਕ ਉਸਤਾਦ ਮਿਲਿਆ ਮੜ੍ਹੀਆਂ ਦੇ ਕੋਲ! ਪਟਿਆਲੇ ਦੇ ਮਹਿੰਦਰਾ ਕਾਲਜ ਵਾਲੇ ਪਾਸੇ ਮੜ੍ਹੀਆਂ ਕੋਲ ਲੇਟ ਸ਼ਾਮ ਚੰਡੀਗੜ੍ਹੋਂ ਮੁੜਦੇ ਸਾਡੀ ਕਾਰ ਖਰਾਬ ਹੋ ਗਈ। ਘੁਸਮੁਸਾ ਜਿਹਾ ਅਤੇ ਅਜਿਹੀ ਥਾਂ! ਜਦੋਂ ਮੇਰੇ ਪਤੀ ਡਾ. ਗੁਰਪਾਲ ਸਿੰਘ ਨੇ ਕਿਹਾ ਕਿ ਉਹ ਕਿਸੇ ਮਕੈਨਿਕ ਨੂੰ ਲੈਣ ਜਾ ਰਹੇ ਹਨ ਅਤੇ ਮੇਰੇ ਹਵਾਲੇ ਕਾਰ ਛੱਡ ਕੇ ਜਾਣ ਦੀ ਗੱਲ ਕੀਤੀ ਤਾਂ ਮੈਂ ਪੂਰੀ ਹਿੰਮਤ ਵਿਖਾਉਣ ਤੋਂ ਬਾਅਦ ਵੀ ਹਲਕਾ ਮੁਸਕੁਰਾ ਕੇ ਮੈਨੂੰ ਕਿਹਾ," ਵੇਖੀਂ ਜੇ ਕੋਈ ਭੂਤ ਪ੍ਰੇਤ ਟੱਕਰ ਗਿਆ ਤਾਂ ਗਾਲਾਂ ਕਰ ਲਵੀਂ ਜਾਂ ਉਸ ਕੋਲੋਂ ਉਸ ਦੇ ਤਜ਼ਰਬੇ ਪੁੱਛ ਲਵੀਂ। ਸ਼ਾਇਦ ਤੇਰੇ ਲੇਖ ਲਈ ਕੰਮ ਆ ਜਾਣ।"

ਆਪਣੇ-ਆਪ ਨੂੰ ਪੂਰੀ ਹਿੰਮਤ ਵਾਲੀ ਸਾਬਤ ਕਰਦੇ ਹੋਏ ਮੈਂ ਬਾਹਰ ਵੱਲ ਝਾਕਿਆ ਤਾਂ ਮੜ੍ਹੀਆਂ ਦੇ ਦਰਵਾਜ਼ੇ ਵਿੱਚੋਂ ਇੱਕ ਚਾਦਰ ਲਪੇਟ ਕੇ ਗਰੀਬ ਜਿਹਾ ਬੰਦਾ ਬਾਹਰ ਆ ਰਿਹਾ ਸੀ। ਉਹ ਹੌਲੀ-ਹੌਲੀ ਤੁਰਦਾ ਮੇਰੇ ਵੱਲ ਆ ਗਿਆ। ਉਹ ਕਾਰ ਖਰਾਬ ਹੋਣ ਬਾਰੇ ਪੁੱਛ ਕੇ ਮੇਰੇ ਕੋਲੋਂ ਅੱਗੇ ਲੰਘਣ ਲੱਗਿਆ ਤਾਂ ਮੈਂ ਬਹਾਨੇ ਸਿਰ ਉਸ ਨੂੰ ਕੁੱਝ ਦੇਰ ਰੁਕਣ ਲਈ ਪੁੱਛ ਲਿਆ," ਕੀ ਏਥੇ ਨੇੜੇ ਹੀ ਰਹਿੰਦੇ ਹੋ?" ਉਹ ਰੁਕਿਆ ਤੇ ਮੇਰੇ ਵੱਲ ਝਾਕ ਕੇ ਬੋਲਿਆ," ਐਹ ਮੜ੍ਹੀਆਂ ਹੀ ਮੇਰਾ ਘਰ ਨੇ। ਜਦੋਂ ਲੋਕ ਆਪਣਿਆਂ ਨੂੰ ਅੱਗ ਲਾ ਕੇ ਤੁਰ ਜਾਂਦੇ ਨੇ ਤਾਂ ਰਾਤ ਨੂੰ ਮੈਂ ਹੀ ਉਨ੍ਹਾਂ ਕੋਲ ਬਹਿ ਕੇ ਉਸ ਅੱਗ ਦਾ ਨਿੱਘ ਮਾਣ ਕੇ ਠੰਡੀਆਂ ਰਾਤਾਂ ਲੰਘਾਉਂਦਾ ਹਾਂ। ਮੈਂ ਏਥੇ ਬਹੁਤ ਕੁੱਝ ਸਿੱਖਿਆ ਹੈ ਤੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣ ਸਕਿਆ ਹਾਂ।"

ਮੈਂ ਹੈਰਾਨ ਹੋ ਕੇ ਪੁੱਛਿਆ ਕਿ ਮਰ ਚੁੱਕਿਆਂ ਕੋਲੋਂ ਉਹ ਕੀ ਸਿੱਖ ਸਕਦਾ ਹੈ? ਉਸ ਕਿਹਾ," ਮਰਿਆਂ ਕੋਲੋਂ ਨਹੀਂ, ਬਲਕਿ ਮਰ ਚੱਕਿਆ ਦੇ ਨਾਲ ਆਏ ਲੋਕਾਂ ਕੋਲੋਂ। ਮੈਂ ਏਨਾ ਕੁੱਝ ਵੇਖਿਆ ਸੁਣਿਆ ਹੈ ਕਿ ਮੈਨੂੰ ਜਾਪਦਾ ਹੈ ਮੈਂ ਬਹੁਤ ਖੁਸ਼ ਹਾਂ ਅਤੇ ਕੁੱਝ ਵੀ ਨਾ ਹੁੰਦਿਆਂ ਮੈਂ ਸਭ ਤੋਂ ਸੁਖੀ ਇਨਸਾਨ ਹਾਂ।"

ਮੇਰੀਆਂ ਸਵਾਲੀਆ ਨਜ਼ਰਾਂ ਵੇਖ ਕੇ ਉਸ ਕਿਹਾ,"ਪਤੈ ਏਥੇ ਮੜ੍ਹੀਆਂ ਵਿੱਚ ਖੜ੍ਹੇ ਹੋ ਕੇ ਮੈਂ ਆਪਣੇ ਕੰਨੀਂ ਕੀ-ਕੀ ਸੁਣਿਆ ਹੈ? ਮਰਨ ਵਾਲੇ ਦੇ ਜਿਹੜੇ ਗਰੀਬ ਰਿਸ਼ਤੇਦਾਰ ਹੋਣ, ਉਹ ਪਿੱਛੇ ਖੜ੍ਹੇ ਕਹਿੰਦੇ ਮੈਂ ਸੁਣੇ ਹਨ-- ਅੱਜ ਦੀ ਦਿਹਾੜੀ ਗਈ। ਇਸ ਨੇ ਵੀ ਅੱਜ ਹੀ ਮਰਨਾ ਸੀ। ਕੱਲ੍ਹ ਤਾਜ਼ੇ ਅੰਬ ਲਿਆਇਆ ਸੀ। ਅੱਜ ਬਹੇ ਹੋ ਜਾਣਗੇ। ਕੱਲ੍ਹ ਪਤਾ ਨਹੀਂ ਪੂਰੀ ਵੱਟਕ ਹੋਵੇਗੀ ਜਾਂ ਨਹੀਂ? ਅਮੀਰ ਰਿਸ਼ਤੇਦਾਰਾਂ ਨੂੰ ਵੀ ਮੈਂ ਅਜਿਹਾ ਹੀ ਬੋਲਦਿਆਂ ਸੁਣਿਆ ਹੈ-ਛੁੱਟੀ ਵਾਲੇ ਦਿਨ ਮਰ ਜਾਂਦਾ। ਪੂਰਾ ਦਿਨ ਖਰਾਬ ।ਅਗਲਾ ਐਤਵਾਰ ਭੋਗ ਵਿੱਚ ਖਰਾਬ ਹੋ ਜਾਣੈ। ਦੋ-ਤਿੰਨ ਜ਼ਰੂਰੀ ਮੀਟਿੰਗਾਂ ਰੱਦ ਕਰਨੀਆਂ ਪਈਆਂ। ਮੇਰਾ ਕਿੰਨਾ ਨੁਕਸਾਨ ਹੋ ਗਿਆ। ਨਾ ਆਉ ਤਾਂ ਸੌ ਜਣਿਆਂ ਦੇ ਮੂੰਹ ਖੁੱਲ੍ਹ ਜਾਂਦੇ ਨੇ।"

ਬੋਲਦਿਆਂ-ਬੋਲਦਿਆਂ ਰੁਕ ਕੇ ਮੇਰੇ ਵੱਲ ਤੱਕ ਕੇ ਫੇਰ ਬੋਲਿਆ," ਔਰਤਾਂ ਵੀ ਘੱਟ ਨਹੀਂ ਹੁੰਦੀਆਂ। ਪਿੱਛੇ ਖੜ੍ਹੀਆਂ ਆਪਣੀ ਲਿਪਸਟਿਕ, ਕੱਪੜੇ, ਜੁੱਤੀਆਂ ਦੀਆਂ ਗੱਲਾਂ ਕਰਦੀਆਂ ਹਨ ਜਾਂ ਰਿਸ਼ਤੇਦਾਰਾਂ ਦੀਆਂ ਚੁਗਲੀਆਂ। ਚੰਗਾ ਹੋਇਆ ਮੇਰਾ ਕੋਈ ਰਿਸ਼ਤੇਦਾਰ ਨਹੀਂ ਕਿਉਂਕਿ ਅਜਿਹੇ ਰਿਸ਼ਤੇਦਾਰ ਹੋਏ ਨਾ ਹੋਏ ਇੱਕ ਬਰਾਬਰ ਹਨ।"

ਏਨਾ ਕਹਿੰਦੇ ਹੀ ਉਹ ਤੁਰ ਪਿਆ। ਫੇਰ ਅਚਾਨਕ ਰੁਕ ਕੇ ਮੁੜਿਆ ਤੇ ਕਹਿਣ ਲੱਗਿਆ," ਪੈਸਾ ਆਪਣਿਆਂ ਦੇ ਵਿੱਚ ਏਨੀ ਡੂੰਘੀ ਦਰਾਰ ਪਾ ਦਿੰਦਾ ਹੈ ਕਿ ਕਿਸੇ ਤੁਰ ਗਏ ਦੇ ਨਾਲ ਖੜ੍ਹੇ ਹੋ ਕੇ ਵੀ ਲੋਕ ਇਹ ਯਾਦ ਹੀ ਨਹੀਂ ਰੱਖਦੇ ਕਿ ਆਉਣਾ ਤਾਂ ਉਨ੍ਹਾਂ ਵੀ ਅਖੀਰ ਏਥੇ ਹੀ ਹੈ। ਮੂਰਖ ਹਨ। ਹਕੀਕਤ ਤੋਂ ਕੋਸਾਂ ਪਰ੍ਹੇ, ਜਿਨ੍ਹਾਂ ਆਪਣਿਆਂ ਲਈ ਦਿਨ-ਰੀਤ ਮਰਦੇ ਹਨ, ਉਹੀ ਉਸ ਦੇ ਮਰਨ ਦੇ ਘੰਟੇ ਬਾਅਦ ਜਾਇਦਾਦ ਵੰਡਣ ਵੱਲ ਰੁੱਝ ਜਾਂਦੇ ਹਨ।"

ਰੱਬ ਦੇ ਰੰਗ ਵੀ ਅਜੀਬ ਹਨ। ਮੈਨੂੰ ਕਿੰਨਾ ਵਧੀਆ ਉਸਤਾਦ ਕਿੱਥੇ ਸਿੱਖਿਆ ਦੇਣ ਲਈ ਭੇਜਿਆ ਸੀ।

ਜਦੋਂ ਮੇਰੇ ਪਤੀ ਮਕੈਨਿਕ ਲੈ ਕੇ ਮੁੜੇ ਤਾਂ ਮੈਨੂੰ ਮੁਸਕੁਰਾਉਂਦੀ ਵੇਖ ਕੇ ਕਹਿਣ ਲੱਗੇ ਕਿ ਅੱਜ ਵਾਕਈ ਤੈਨੂੰ ਕੋਈ ਜਿੰਨ-ਭੂਤ ਆਪਣੀ ਰਾਮ ਕਹਾਣੀ ਸੁਣਾ ਗਿਆ ਲੱਗਦਾ ਹੈ।

ਜੋ ਮੈਂ ਸਿੱਖਿਆ ਹਾਸਲ ਕੀਤੀ, ਉਸ ਨੂੰ ਥੋੜ੍ਹੇ ਸੌਖੇ ਤਰੀਕੇ ਸਮਝਾਉਣ ਲਈ ਮੈਂ ਸਲਾਹ ਦਿੰਦੀ ਹਾਂ ਕਿ ਇੱਕ ਕਿਤਾਬ ਨੂੰ ਚੁੱਕ ਕੇ ਆਪਣੀਆਂ ਅੱਖਾਂ ਦੇ ਬਿਲਕੁਲ ਨਾਲ ਲਾ ਲਵੋ ਤੇ ਫੇਰ ਪੜ੍ਹਨ ਦੀ ਕੋਸ਼ਿਸ਼ ਕਰੋ। ਤੁਹਾਡੇ ਕੋਲੋਂ ਪੜ੍ਹਿਆ ਨਹੀਂ ਜਾਵੇਗਾ। ਬਿਲਕੁਲ ਇਹੀ ਅਸੀਂ ਆਪਣੀ ਜ਼ਿੰਦਗੀ ਵਿੱਚ ਕਰ ਰਹੇ ਹਾਂ। ਜਿਹੜੇ ਸਾਡੇ ਦਿਲ ਅਤੇ ਅੱਖਾਂ ਦੇ ਬਹੁਤ ਨੇੜੇ ਹਨ ਅਤੇ ਸਾਡਾ ਆਪਣਾ ਹੀ ਹਿੱਸਾ ਹਨ, ਅਸੀਂ ਉਨ੍ਹਾਂ ਨੂੰ ਆਪਣੇ ਟੱਬਰ ਦੀ ਸ਼ਕਲ ਵਿੱਚ ਨਜ਼ਰ ਦੇ ਨੇੜੇ ਤਾਂ ਰੱਖਿਆ ਹੈ ਪਰ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਆਪਣੇ ਰੁਝੇਵਿਆਂ ਵਿੱਚ ਰੁੱਝ ਚੁੱਕੇ ਹਾਂ ਤੇ ਜ਼ਿੰਦਗੀ ਦੀ ਤੇਜ਼ ਰਫ਼ਤਾਰ ਵਿੱਚ ਆਪਣੇ ਅੰਤ ਵੱਲ ਜਾਂਦੇ ਕਦਮਾਂ ਵੱਲ ਵੀ ਧਿਆਨ ਨਹੀਂ ਦੇ ਰਹੇ। ਸਿਰਫ਼ ਆਪਣੇ ਕੰਮਾਂ ਕਾਰਾਂ ਜਾਂ ਉਨ੍ਹਾਂ ਦਾ ਜ਼ਿਆਦਾ ਫ਼ਿਕਰ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਤੁਰ ਜਾਣ ਬਾਅਦ ਆਪਣੇ ਕੱਪੜਿਆਂ ਜਾਂ ਬਿਜ਼ਨੈੱਸ ਦਾ ਜ਼ਿਕਰ ਕਰਨਾ ਹੈ ਅਤੇ ਸਾਡੇ ਮਰਨ ਉਤੇ ਵੀ ਛੁੱਟੀ ਖਰਾਬ ਹੋਣ ਲਈ ਕਿੰਤੂ-ਪਰੰਤੂ ਕਰਨਾ ਹੈ, ਜਾਂ ਫੇਰ "ਵਿਰੋਧੀ" ਲੱਭ ਕੇ ਉਸ ਨੂੰ ਢਾਹੁੰਣ ਦੇ ਵਿੱਚ ਹੀ ਅਸੀਂ ਆਪਣੀ ਅੱਧੀ ਜ਼ਿੰਦਗੀ ਖ਼ਤਮ ਕਰ ਦਿੰਦੇ ਹਾਂ ਤੇ ਕਾਮਯਾਬ ਬੰਦਾ ਆਪਣੀ ਮਸਤ ਚਾਲ ਅੱਗੇ ਲੰਘ ਜਾਂਦਾ ਹੈ।

ਬੱਤਖ ਨੂੰ ਜਦੋਂ ਸ਼ਾਂਤ ਚਿੱਤ ਤੈਰਦੇ ਵੇਖਦੇ ਹਾਂ ਤਾਂ ਇਹ ਭੁੱਲ ਜਾਂਦੇ ਹਾਂ ਕਿ ਪਾਣੀ ਹੇਠਾਂ ਉਸ ਦੇ ਨਿਰੰਤਰ ਤੈਰਦੇ ਪੈਰ ਹੀ ਇਸ ਅਥਿਰਤਾ ਦਾ ਕਾਰਨ ਹਨ। ਇਸੇ ਲਈ ਕਾਮਯਾਬ ਇਨਸਾਨ ਦੀ ਨਿਰੰਤਰ ਮਿਹਨਤ ਨੂੰ ਨਜ਼ਰ-ਅੰਦਾਜ਼ ਕਰ ਕੇ ਜਿਹੜੇ ਵਾਕਈ ਸ਼ੁਹਰਤ ਨੂੰ ਝਪੱਟਾ ਮਾਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਛੇਤੀ ਡੁੱਬ ਜਾਂਦੇ ਹਨ।

ਇਹ ਫੈਸਲਾ ਹੁਣ ਮੈਂ ਹਰ ਪੜ੍ਹਨ ਵਾਲੇ ਉੱਤੇ ਛੱਡਿਆ ਹੈ ਕਿ ਉਸ ਨੇ ਹਾਲੇ ਵੀ ਆਪਣੇ-ਆਪ ਨੂੰ ਸਿਰਫ਼ " ਵਿਰੋਧੀ" ਸ਼ਬਦ ਸਮਝ ਕੇ, ਸੜ ਕੇ, ਕੁੜ੍ਹ ਕੇ, ਕਿਸੇ ਆਪਣੇ ਪਿਆਰੇ ਦੀ ਥਾਂ ਆਪਣੇ ਦਿਮਾਗ ਵਿੱਚ ਕਿਸੇ ਹੋਰ ਸਫ਼ਲ ਬੰਦੇ ਨੂੰ ਢਾਹੁੰਣ ਦੇ ਮਨਸੂਬੇ ਘੜ੍ਹ ਕੇ ਹੀ ਜ਼ਿੰਦਗੀ ਬਤੀਤ ਕਰਨੀ ਹੈ ਜਾਂ ਜੋ ਵੀ ਜ਼ਿੰਦਗੀ ਵਿੱਚ ਨਸੀਬ ਹੋਇਆ ਹੈ, ਉਸ ਵਿੱਚ ਆਨੰਦ ਮਾਣ ਕੇ, ਆਪਣਿਆਂ ਨਾਲ ਹੱਸ -ਖੇਡ ਕੇ ਜ਼ਿੰਦਗੀ ਦੇ ਚਾਰ ਦਿਨ ਬਿਤਾਉਣੇ ਹਨ।

ਆਪਣੇ-ਆਪ ਉੱਤੇ ਯਕੀਨ ਰੱਖ ਕੇ ਘੱਟੋ-ਘੱਟ ਇੱਕ ਦਿਨ ਜ਼ਿੰਦਗੀ ਨੂੰ ਰੱਜ ਕੇ ਜੀਅ ਕੇ ਵੇਖੀਏ ਤਾਂ ਸਹੀ-----

"ਕਦੋਂ ਨਿਕਲਦਾ ਹੈ ਕੋਈ ਦਿਲ ਵਿੱਚ ਵੱਸ ਜਾਣ ਤੋਂ ਬਾਅਦ?
ਦਰਦ ਕਿੰਨਾ ਹੁੰਦਾ ਹੈ ਉਸ ਦੇ ਵਿਛੜ ਜਾਣ ਤੋਂ ਬਾਅਦ!
ਜਿਹੜਾ ਕੋਲ ਹੋਵੇ ਉਸ ਦੀ ਕਦਰ ਨਹੀਂ ਹੁੰਦੀ,
ਕਮੀ ਮਹਿਸੂਸ ਹੁੰਦੀ ਹੈ ਉਸ ਦੇ ਤੁਰ ਜਾਣ ਤੋਂ ਬਾਅਦ!"

ਜੋ ਅੱਜ ਸਾਡੇ ਕੋਲ ਹੈ, ਉਹ ਕੱਲ੍ਹ ਨਹੀਂ ਸੀ ਤੇ ਜਦੋਂ ਸਭ ਕੁੱਝ ਹੋਏਗਾ ਤਾਂ ਇਹ ਵਕਤ ਨਹੀਂ ਹੋਣਾ ਜਾਂ ਉਹ ਨਹੀਂ ਹੋਣੇ ਜਿਨ੍ਹਾਂ ਨਾਲ ਅਸੀਂ ਖੁਸ਼ੀ ਸਾਂਝੀ ਕਰਨੀ ਚਾਹੁੰਦੇ ਹਾਂ!

ਵਿਅੰਗ ਹੱਥਾਂ ਦੀ ਮਿਹਨਤ

ਸਾਡੇ ਕਸਬੇ ਦੇ ਸਰਕਾਰੀ ਹਸਪਤਾਲ ਦੇ ਡਾਕਟਰ ਨਰੈਣ ਸਿੰਘ ਜੀ ਨਾਲ ਥਾਣੇਦਾਰ ਨਛੱਤਰ ਸਿੰਘ ਦੀ ਪਿਛਲੇ ਕੁਝ ਕੁ ਹੀ ਸਮੇਂ ਤੋਂ ਗੂੜ੍ਹੀ ਦੋਸਤੀ ਪੈ ਗਈ ਸੀ। ਗੂੜ੍ਹੀ ਦੋਸਤੀ ਦੇ ਪਿਆਰ ਦੇ ਵੱਧ ਜਾਣ ਦਾ ਵੀ ਇੱਕ ਕਾਰਨ ਇਹ ਸੀ ਕਿ ਥਾਣੇਦਾਰ ਨਛੱਤਰ ਸਿੰਘ ਟੀ.ਬੀ. ਦੀ ਨਾਮੁਰਾਦ ਬਿਮਾਰੀ ਨਾਲ ਪੀੜ੍ਹਤ ਸਨ, ਜਿਨ੍ਹਾਂ ਦੇ ਹਰ ਰੋਜ਼ ਇੱਕ ਟੀਕਾ ਲੱਗਣਾ ਅਤਿ ਜ਼ਰੂਰੀ ਸੀ। ਡਾਕਟਰ ਨਰੈਣਾ ਜੀ ਟੀ.ਬੀ. ਵਿਭਾਗ ਦੇ ਇੰਚਾਰਜ ਸਨ, ਜਿਨ੍ਹਾਂ ਤੋਂ ਥਾਣੇਦਾਰ ਦਾ ਇਲਾਜ ਚੱਲ ਰਿਹਾ ਸੀ। ਟੀਕਾ ਲਗਵਾਉਣ ਤੋਂ ਬਾਅਦ ਥਾਣੇਦਾਰ ਜਦੋਂ ਡਾਕਟਰ ਨੂੰ ਸੇਵਾ-ਪਾਣੀ ਮਤਲਬ ਟੀਕੇ ਲਵਾਈ ਦੀ ਮਿਹਨਤ ਪੁੱਛਦਾ ਤਾਂ ਡਾਕਟਰ ਅੱਗੋਂ ਬੜੀ ਹਲੀਮੀ ਤੇ ਨਿਮਰਤਾ ਨਾਲ ਥਾਣੇਦਾਰ ਨੂੰ ਹੱਥ ਜੋੜ ਬੜੇ ਮਾਣ-ਸਤਿਕਾਰ ਨਾਲ ਜਵਾਬ ਦਿੰਦਿਆਂ ਕਹਿੰਦਾ," ਕਿ ਦੇਖੋ ਠਾਣੇਦਾਰ ਜੀ," ਸਰੀਰ ਤੁਹਾਡਾ ਐ ਸਰਿੰਜ ਤੇ ਟੀਕਾ ਸਰਕਾਰ ਦੇ ਨੇ" ਸਾਡੇ ਤਾਂ ਸਿਰਫ਼ ਹੱਥਾਂ ਦੀ ਹੀ ਮਿਹਨਤ ਐ, ਅਸੀਂ ਕਿਹੜਾ ਕੁੱਝ ਪੱਲਿਉਂ ਲਗਾਇਐ, ਜਿਹੜੀ ਥੋਡੇ ਕੋਲੋਂ ਕੋਈ ਚਾਹ-ਪਾਣੀ ਦੀ ਸੇਵਾ ਲਈਏ, ਬੱਸ ਮਿਲਦੇ-ਗਿਲਦੇ ਰਿਹਾ ਕਰੋ, ਐਨੀ ਈ ਮਿਹਰਬਾਨੀ ਐ।

ਤੇ ਥਾਣੇਦਾਰ ਅੱਗੋਂ ਮਿਚਕਮੀਣੀ ਜਿਹੀ ਹਾਸੀ-ਹੱਸ ਤੁਰਦਿਆਂ ਕਿਹਾ ਕਰੇ ਕਿ ਚਲੋ ਕਦੇ ਸਾਡੇ ਤੱਕ ਲੋੜ ਪਈ ਤਾਂ ਜ਼ਰੂਰ ਮੁੱਲ ਮੋੜਾਂਗੇ, ਤਕਰੀਬਨ ਤਿੰਨ-ਚਾਰ ਮਹੀਨੇ ਤੱਕ ਥਾਣੇਦਾਰ ਦੀ ਬਿਮਾਰੀ ਦਾ ਲਗਾਤਾਰ ਕੋਰਸ ਚਲਦਾ ਰਿਹਾ। ਹੁਣ ਥਾਣੇਦਾਰ ਦੀ ਬਿਮਾਰੀ ਵੀ ਤਕਰੀਬਨ ਠੀਕ ਹੋਣ ਤੱਕ ਪਹੁੰਚ ਗਈ ਸੀ ਤੇ ਉਧਰੋਂ ਉਸ ਦੀ ਸਾਡੇ ਕਸਬੇ 'ਚੋਂ ਬਦਲੀ ਵੀ ਹੋ ਗਈ।

ਇੱਕ ਦਿਨ ਉਕਤ ਡਾਕਟਰ ਨਰੈਣ ਸਿੰਹੁ ਜੀ ਦਾ ਡਰਾਈਵਰ ਡਾਕਟਰ ਦੀ ਹੀ ਕਾਰ ਲੈ ਕੇ ਨੇੜਲੇ ਸ਼ਹਿਰ ਵਿੱਚ ਦੀ ਲੰਘ ਰਿਹਾ ਸੀ ਕਿ ਚੌਂਕ 'ਚ ਖੜ੍ਹੇ ਟਰੈਫਿਕ ਪੁਲਿਸ ਵਾਲਿਆਂ ਨਾਲ ਕਾਗਜ਼ਾਂ ਦੀ ਚੈਕਿੰਗ ਦੌਰਾਨ ਡਾਕਟਰ ਦੇ ਡਰਾਈਵਰ ਦੀ ਕੁੱਝ ਤਕਰਾਰਬਾਜ਼ ਹੋ ਗਈ। ਤਕਰਾਰਬਾਜ਼ੀ ਏਨੀ ਵੱਧ ਗ ਆਪਸ ਵਿੱਚ ਹੱਥੋਪਾਈ ਹੋ ਗਏ। ਹੱਥੋਪਾਈ ਤੋਂ ਬਾਅਦ ਪੁਲਿਸ ਵਾਲਿਆਂ ਨੇ ਡਰਾਈਵਰ ਨੂੰ ਥਾਣੇ ਅੰਦਰ ਲਿਜਾ ਕੇ ਆਪਣੀ ਪੁਲਿਸ ਕਾਰਵਾਈ ਅਧੀਨ ਚੰਗੀ ਪਟਾ-ਪਰੇਡ ਕਰ ਕੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਜਦੋਂ ਡਾਕਟਰ ਨਰੈਣ ਸਿੰਹੁ ਜੀ ਨੂੰ ਇਸ ਘਟਨਾ ਦਾ ਪਤਾ ਚੱਲਿਆ ਤਾਂ ਉਹ ਤੁਰੰਤ ਉਸ ਥਾਣੇ ਜਾ ਪਹੁੰਚਿਆ.....ਅੱਗੋਂ ਥਾਣੇ ਵਿੱਚ ਡਾਕਟਰ ਦੇ ਰਹਿ ਚੁੱਕੇ ਦੋਸਤ ਥਾਣੇਦਾਰ ਨਛੱਤਰ ਸਿੰਘ ਦੀ ਵੀ ਡਿਊਟੀ ਉੱਥੇ ਹੀ ਸੀ। ਜਦੋਂ ਡਾਕਟਰ ਨਰੈਣ ਸਿੰਹੁ ਨੇ ਆਪਣੇ ਡਰਾਈਵਰ ਨੂੰ ਹਵਾਲਾਤ ਵਿੱਚੋਂ ਮੁਕਤ ਕਰਵਾਉਣ ਤੋਂ ਬਾਅਦ ਥਾਣੇਦਾਰ ਨਛੱਤਰ ਸਿੰਘ ਨੂੰ ਜਦੋਂ ਚਾਹ-ਪਾਣੀ ਦੀ ਸੇਵਾ ਬਾਰੇ ਪੁੱਛਿਆ ਤਾਂ ਥਾਣੇਦਾਰ ਨਛੱਤਰ ਸਿੰਘ ਨੇ ਵੀ ਡਾਕਟਰ ਦੀ ਨਰਮਾਈ ਵਾਂਗ ਅੱਗੋਂ ਬੜੀ ਨਿਮਰਤਾ ਤੇ ਹਲੀਮੀ ਨਾਲ ਜੁਆਬ ਦਿੰਦਿਆਂ ਕਿਹਾ, ਬੱਸ ਡਾਕਟਰ ਨਰੈਣ ਸਿੰਘ ਜੀ "ਪਟਾ ਸਰਕਾਰ ਦਾ, ਪਿੱਠ ਥੋਡੇ ਡਰਾਈਵਰ ਦੀ" ਸਾਡੇ ਤਾਂ ਸਿਰਫ਼ ਹੱਥਾਂ ਦੀ ਹੀ ਮਿਹਨਤ ਐ, ਅਸੀਂ ਕਿਹੜਾ ਕੁੱਝ ਪੱਲਿਓਂ ਦਮੜਾ ਖਰਚ ਕੀਤੈ, ਜਿਹੜੀ ਥੋਡੇ ਕੋਲੋਂ ਕੋਈ ਚਾਹ-ਪਾਣੀ ਦੀ ਸੇਵਾ ਲਈਏ।

ਬਹੁਤ-ਬਹੁਤ ਮਿਹਰਬਾਨੀ ਬੱਸ ਮਿਲਦੇ-ਗਿਲਦੇ ਰਿਹਾ ਕਰੋ.....।

-0-

ਹਾਸ ਵਿਅੰਗ
ਸੇਫਟੀ

ਸਾਡੇ ਜ਼ਿਲ੍ਹੇ ਦੀ ਤਹਿਸੀਲ ਕੰਪਲੈਕਸ ਵਿੱਚ ਹਰ ਮੰਗਲਵਾਰ ਲੋਕਾਂ ਦੀਆਂ ਦੁੱਖ-ਤਕਲੀਫਾਂ ਸੁਣਨ ਲਈ ਲੋਕ ਅਦਾਲਤ ਲਗਾਈ ਜਾਂਦੀ ਹੈ, ਜਿਸ ਦੌਰਾਨ ਜਨਤਾ ਨੂੰ ਮੌਕੇ ਉੱਪਰ ਹੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਾਡੇ ਪਿੰਡ ਦੇ ਵੀ ਕਾਫ਼ੀ ਆਦਮੀ ਅਸਲੇ ਦਾ ਲਾਇਸੰਸ ਬਣਾਉਣ ਲਈ ਇਸ ਵਾਰ ਦੀ ਲੋਕ ਅਦਾਲਤ ਵਿੱਚ ਫਾਇਲਾਂ ਲੈ ਕੇ ਹਾਜ਼ਰ ਹੋ ਗਏ ਸਨ। ਬਜ਼ੁਰਗ ਤਾਏ ਨਰਾਇਣੇ ਨੇ ਵੀ ਦੂਜਿਆਂ ਦੀ ਰੀਸ ਨਾਲ ਅਸਲਾ ਲਾਇਸੰਸ ਬਣਾਉਣ ਲਈ ਫਾਇਲ ਤਿਆਰ ਕਰਵਾ ਲਈ ਤੇ ਲੋਕ ਅਦਾਲਤ ਵਿੱਚ ਜਾ ਹਾਜ਼ਰ ਹੋਇਆ। ਇਸ ਦੌਰਾਨ ਡੀ.ਸੀ. ਸਾਹਿਬ ਖ਼ੁੱਦ ਹੀ ਫਾਇਲਾਂ ਚੈੱਕ ਕਰਦੇ ਹੋਏ ਤਸਦੀਕ ਕਰਦੇ ਸਨ। ਤਾਏ ਦੀ ਫਾਇਲ ਦੇਖਦਿਆਂ ਤਾਏ ਨੂੰ ਕੁੱਝ ਅੱਖਾਂ ਤੋਂ ਘੱਟ ਦਿੱਸਦਾ ਹੋਣ, ਉਮਰ ਹੱਦ ਤੋਂ ਵੱਧ ਆਦਿ ਕਈ ਫਾਇਲ ਵਿੱਚ ਘਾਂਟਾਂ ਹੋਣ ਕਾਰਨ ਡੀ.ਸੀ. ਸਾਹਿਬ ਨੇ ਫਾਇਲ ਉੱਪਰ " ਅਸਲਾ ਰੱਖਣ ਲਈ ਇਸ ਵਿਅਕਤੀ ਕੋਲ ਸੇਫਟੀ ਨਹੀਂ ਹੈ" ਦੀ ਲਾਲ ਲਾਈਨ ਮਾਰਦਿਆਂ ਬਜ਼ੁਰਗ ਤਾਏ ਨੂੰ ਕਿਹਾ ਕਿ ਬਾਬਾ ਤੇਰੇ ਕੋਲ ਸੇਫਟੀ ਨਹੀਂ ਹੈ, ਇਸ ਕਰ ਕੇ ਤੂੰ ਅਸਲਾ ਰੱਖਣ ਦੇ ਯੋਗ ਨਹੀਂ, ਤਾਏ ਨੂੰ ਕੰਨਾਂ ਤੋਂ ਕੁੱਝ ਉੱਚਾ ਸੁਣਦਾ ਸੀ । ਦੋ ਤਿੰਨ ਵਾਰ ਡੀ.ਸੀ. ਵੱਲੋਂ ਉੱਚੀ ਬੋਲ ਕੇ ਸਮਝਾਏ ਜਾਣ ਦੇ ਬਾਅਦ ਤਾਏ ਦੇ ਸੇਫਟੀ ਸ਼ਬਦ ਕੰਨੀਂ ਪਏ।

ਚੱਲ ਕੋਈ ਗੱਲ ਨਹੀਂ ਬੱਚੂ, ਅਗਲੀ ਵਾਰ ਸਹੀ, ਆਖ ਤਾਏ ਨੇ ਸਾਹਮਣੇ ਫਾਇਲਾਂ ਤਸਦੀਕ ਕਰਵਾ ਚੁੱਕੇ ਕੇ.ਐਲ. ਗਰਗ, ਨਿਰੰਜਣ ਬੋਹਾ, ਮੰਗਤ ਕੁਲਜਿੰਦ ਦੇ ਲਿਸ਼ਕਦਿਆਂ ਕਲੀਨਸ਼ੇਵ ਹਸਮੁੱਖ ਚਿਹਰਿਆਂ ਵੱਲ ਹਰਖੀ ਭਰੇ ਪੀਤੇ ਮਨ ਅਤੇ ਕੌੜੀਆਂ ਅੱਖਾਂ ਨਾਲ ਤੱਕ ਮੇਜ਼ ਤੋਂ ਆਪਣੀ ਫਾਇਲ ਚੁੱਕਦਿਆਂ ਕਿਹਾ ਤੇ ਵਾਪਸ ਆਪਣੇ ਪਿੰਡ ਆ ਗਿਆ।

ਅਗਲੇ ਮੰਗਲਵਾਰ ਫਿਰ ਤਾਇਆ ਲੋਕ ਅਦਾਲਤ ਵਿੱਚ ਉਹੀ ਫਾਇਲ ਲੈ ਕੇ ਜਾ ਹਾਜ਼ਰ ਹੋਇਆ, ਵਾਰੀ ਆਉਣ 'ਤੇ ਡੀ.ਸੀ. ਸਾਹਿਬ ਨੂੰ ਕਹਿਣ ਲੱਗਾ ਲੈ ਪੁੱਤ ਅਪਸਰਾ ਮਾਰ ਖਾਹ ਕੇਰਾਂ ਘੁੱਗੀ ਲਿਆਈਏ ਫਿਰ ਦੋਨਾਲੀ

ਡੀ.ਸੀ.--ਬਜ਼ੁਰਗੋ ਤੁਹਾਨੂੰ ਪਹਿਲਾਂ ਵੀ ਮੋੜਿਆ ਗਿਆ ਸੀ ਕਿ ਥੋਡੇ ਕੋਲ ਸੇਫਟੀ ਨਹੀਂ ਹੈ, ਡੀ.ਸੀ. ਸਾਹਿਬ ਨੇ ਵੀ ਅੱਗੋਂ ਅਫ਼ਸਰ ਸ਼ਾਹੀ ਬਿਆਨ ਵਿੱਚ ਉੱਚੀ ਦੇਣੇ ਵੱਢ ਖਾਣਿਆਂ ਵਾਗੂੰ ਬੋਲਦਿਆਂ ਕਿਹਾ

ਨਰੈਣਾ--- ਹੈਗੀ ਐ ਅੱਜ ਮੇਰੇ ਕੋਲ ਸੇਫਟੀ....

ਉਦੇ ਮੈਨੂੰ ਨਾਲ ਲਿਆਉਣ ਬਾਰੇ ਪਤਾ ਨਹੀਂ ਸੀ।

ਨਾਲੇ ਜਦੋਂ ਕਾਲਿਆਂ ਤੋਂ ਬੱਗੇ ਆਉਣੇ ਸ਼ੁਰੂ ਹੋਏ, ਕਦੀ ਵਰਤੀ ਹੀ ਨਹੀਂ ਸੀ।

ਉਦਣ ਵਾਪਸ ਜਾਣ ਸਾਰ ਹੀ ਮੈਂ ਪਹਿਲਾਂ ਇਸ ਨੂੰ ਗੁਥਲਖਾਨੇ ਦੀ ਮੋਰੀ 'ਚ ਲੱਭਿਆ।

ਹੋਰ ਤਾਂ ਸਾਰੀ ਨਵੀਂ ਹੀ ਪਈ ਐ, ਬੱਸ ਪੱਚਰੇ (ਬਲੇਡ) ਨੂੰ ਹੀ ਬਾਹਲਾ ਜੰਗਾਲ ਜਿਹਾ ਲੱਗਾ ਹੋਇਆ ਸੀ।

ਉਹ ਵੀ ਮੈਂ ਆਉਣ ਲੱਗਾ ਆਪਣੀ ਘਰਵਾਲੀ ਨੂੰ ਆਖ ਆਇਐਂ ਬਈ ਨਿਹਾਲੀਏ ਆਤੂ ਦੀ ਦੁਕਾਨ ਤੋਂ ਨਵਾਂ ਪੱਚਰਾ ਲਿਆ ਕੇ ਰੱਖ ਛੱਡੀਂ, ਇਹਦੇ ਬਿਨਾਂ ਅਜੇ ਵੀ ਨਈਂ ਸਰਨਾ........

ਡਾ. ਸਾਧੂ ਰਾਮ ਲੰਗੇਆਣਾ
ਪਿੰਡ-ਲੰਗੇਆਣਾ ਕਲਾਂ (ਮੋਗਾ)
98781-17285ਡਾ. ਸਾਧੂ ਰਾਮ ਲੰਗੇਆਣਾ
ਪਿੰਡ- ਲੰਗੇਆਣਾ ਕਲਾਂ (ਮੋਗਾ)
98781-17285

ਨਜ਼ਮ

ਇਸ ਵਰ੍ਹੇ ਧਰਤੀ ਦੇ ਚੱਪੇ-ਚੱਪੇ
ਝੂਮਣ ਰੁੱਖ ਹਰੇ
ਇਸ ਵਰ੍ਹੇ ਖੁਦਾ ਕਰੇ
ਧਰਤੀ ਦੀ ਕੁੱਝ ਤਪਸ਼ ਠਰੇ
ਕੋਈ ਚਿੜੀ, ਮੋਰ, ਘੁੱਗੀ
ਖੇਡਾਂ ਵਿੱਚ ਵੜਨੋਂ ਨਾ ਡਰੇ
ਧਰਤੀ ਬਚਾਉਣੀ ਆਪਾਂ ਤਾਣ ਲਾ ਕੇ
ਹਰ ਕੋਈ ਹੀਲਾ ਕਰੇ
ਗਲੇਸ਼ੀਅਰ ਨਾ ਤਿੜਕਣ ਇਸ ਵਰ੍ਹੇ
ਰੱਜ-ਰੱਦ ਬਰਫ ਵਰ੍ਹੇ
ਧਰਤੀ ਦਾ ਹਰ ਵਾਸ਼ਿੰਦਾ
ਨਾ ਜਿਉਣ ਤੋਂ ਪਹਿਲਾਂ ਮਰੇ
ਉੱਜੜੇ ਨਾ ਕੋਈ ਧਰਤੀ
ਗਹਿਰੀ ਨਾ ਅੰਬਰ ਅੱਖ ਭਰੇ
ਇਸ ਵਰ੍ਹੇ ਕੋਈ ਸਾਡੀਆਂ
ਖੁਸ਼ੀਆਂ 'ਤੇ
ਨਾ ਟੂਣਾ ਕਰੇ
ਇਸ ਵਰ੍ਹੇ ਦੁਆ ਕਰੀਏ
ਧਰਤੀ ਤੋਂ ਹੋਵਣ
ਸਭ ਬਲਾਵਾਂ ਪਰ੍ਹੇ।

ਪਾਕਿਸਤਾਨ 'ਚ ਪੰਜਾਹ ਸਾਲ ਮਗਰੋਂ ਤੱਕਿਆ ਆਪਣਾ ਪਿੰਡ

ਮੇਰੇ ਬਾਪੂ ਜੀ ਦਾ ਜਨਮ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰਬਰ 24, ਤਹਿਸੀਲ ਜੜ੍ਹਾਂਵਾਲਾ (ਪਾਕਿਸਤਾਨ) ਵਿਖੇ ਅੱਜ ਤੋਂ ਤਕਰੀਬਨ 80 ਕੁ ਵਰ੍ਹੇ ਪਹਿਲਾਂ ਹੋਇਆ। ਪਾਕਿਸਤਾਨ ਤੇ ਭਾਰਤ ਦੀ ਵੰਡ ਮੌਕੇ ਮੇਰਾ ਦਾਦਕਾ ਪਰਿਵਾਰ ਹੋਰਨਾਂ ਲੋਕਾਂ ਵਾਂਗ ਆਪਣੇ ਸਮਾਨ ਨਾਲ ਭਰਿਆ ਭਰਾਇਆ ਘਰ ਛੱਡ ਕੇ ਅਤੇ ਆਪਣੀ ਵਧੀਆ ਖੇਤੀਬਾੜੀ ਵਾਲੀ ਜ਼ਮੀਨ ਛੱਡ ਕੇ ਉਜੜਨ ਦਾ ਮਿੱਠਾ ਭਾਣਾ ਮੰਨ ਕੇ 1947 ਵਿੱਚ ਗੱਡੇ 'ਤੇ ਸਿਰਫ ਖਾਣ-ਪੀਣ ਦਾ ਸਮਾਨ ਲੱਦ ਕੇ ਹਿੰਦੋਸਤਾਨ ਪੰਜਾਬ ਦੇ ਜ਼ਿਲ੍ਹਾ ਰੂਪਨਗਰ ਦੇ ਪਹਿਲਾਂ ਪਿੰਡ ਸਹੌੜਾਂ ਤੇ ਫਿਰ ਗਿੱਦੜਪੁਰ ਵੱਸ ਗਿਆ, ਪਰ ਮੇਰੇ ਪਰਿਵਾਰ ਦੇ ਵਡੇਰਿਆਂ ਦਾ ਆਪਣੀ ਜਨਮ ਭੂਮੀ ਨਾਲ ਪੂਰਾ ਮੋਹ ਅੱਜ ਵੀ ਬਰਕਰਾਰ ਹੈ। ਜਦੋਂ ਵੀ ਕਦੇ ਰੇਡੀਓ ਜਾਂ ਟੈਲੀਵੀਜ਼ਨ 'ਤੇ ਖਬਰ ਨਸ਼ਰ ਹੋਵੇ ਤਾਂ ਟੱਬਰ ਬੜੇ ਧਿਆਨ ਨਾਲ ਸੁਣਦਾ ਵੇਖਿਆ। ਜਦੋਂ ਵੀ ਕਦੇ ਮੈਂ ਆਪਣੀ ਪੜ੍ਹਾਈ ਤੋਂ ਵਿਹਲਾ ਹੋ ਕੇ ਖੇਤਾਂ ਵਿੱਚ ਗੰਨੇ ਚੂਪਣ, ਰਸ ਪੀਣ ਤੇ ਕਾਮਿਆਂ ਨਾਲ ਕੱਖ ਡੰਗਰਾਂ ਲਈ ਵੱਢਣ ਜਾਣਾ ਅਤੇ ਕਦੇ ਇੱਖ ਬਿਜਾਉਣ ਜਾਣਾ ਤਾਂ ਮੈਂ ਆਪਣੇ ਖੇਤਾਂ ਵਿੱਚ ਆਪਣੇ ਬਾਪੂ ਜੀ ਨੂੰ ਇੱਥੋਂ ਦੀ ਖੇਤੀ ਪੈਦਾਵਾਰ ਨੂੰ ਪਾਕਿਸਤਾਨੀ ਪੰਜਾਬ ਨਾਲ ਹਮੇਸ਼ਾਂ ਜੋੜ ਕੇ ਹਿਸਾਬ ਲਾਉਂਦੇ ਵੇਖਿਆ। ਜਦੋਂ ਵੀ ਅਸੀਂ ਪੱਕਦੇ ਗੁੜ ਦੇ ਲਾਗੇ ਪਏ ਤੱਤੇ ਤੱਤੇ ਗੁੜ ਦ ਲਾਲੇ ਦੇ ਚੱਕ ਦੇ ਆਲੇ-ਦੁਆਲੇ ਬੈਠਣਾ ਤਾਂ ਉਹ ਹੱਥ ਵਿੱਚ ਗੁੜ ਫ਼ੜ ਕੇ ਦੇਖਦੇ ਰਹਿੰਦੇ ਕਿ ਬਈ ਸਾਡੇ ਗੁੜ ਦੀ ਸੀਰੀ ਤਾਂ ਪਾਕਿਸਤਾਨ ਵਰਗੀ ਨਹੀਂ ਬਣਦੀ। ਨੌਜਵਾਨਾਂ ਦੀਆਂ ਖੜਕੀਆਂ ਹੱਡੀਆਂ ਵੇਖ ਕੇ ਉਹ ਪਾਕਿਸਤਾਨ ਦੀ ਜਵਾਨੀ ਨੂੰ ਯਾਦ ਕਰਕੇ ਅੱਖਾਂ ਵਿੱਚ ਅੱਥਰੂ ਲੈ ਆਉਂਦੇ ਸਨ। ਮੇਰੇ ਬਾਪੂ ਜੀ ਪਾਕਿਸਤਾਨੀ ਪੰਜਾਬ ਤੋਂ ਉਰਦੂ ਦੀਆਂ ਬੇਸ਼ੱਕ ਪੰਜ ਜਮਾਤਾਂ ਪਾਸ ਸਨ, ਪਰ ਉਹ ਗਿਣਤੀ-ਮਿਣਤੀ ਦਾ ਹਿਸਾਬ ਲਾਉਣ ਵਿੱਚ ਪਟਵਾਰੀ ਕਾਨੂੰਗੋ ਨੂੰ ਪਿੱਛੇ ਛੱਡ ਜਾਂਦੇ ਸਨ।

ਕਈ ਵਾਰੀ ਤਾਂ ਮੈਂ ਕਈ ਆਦਮੀ ਉਨ੍ਹਾਂ ਤੋਂ ਆਪਣੀ ਜ਼ਮੀਨ ਦੀ ਵੰਡ ਕਰਨ ਸਮੇਂ ਉਨ੍ਹਾਂ ਤੋਂ ਜ਼ਮੀਨ ਦਾ ਰਕਬਾ ਕਢਾਉਣ ਆਉਂਦੇ ਖੁਦ ਵੇਖੇ ਹਨ। ਮੇਰੇ ਮਨ ਵਿੱਚ ਵੀ ਪਾਕਿਸਤਾਨ ਦੀ ਵਿੱਦਿਅਕ ਪ੍ਰਣਾਲੀ ਬਾਬਤ ਬਹੁਤ ਕਦਰ ਹੈ। ਸਾਡੇ ਪਿੰਡ ਦੇ ਪਸ਼ੂ ਹਸਪਤਾਲ ਵਿੱਚ ਨਰੋਈਆਂ ਮੱਝਾਂ ਦੇ ਹੋਏ ਮੁਕਾਬਲੇ ਅਤੇ ਸਭ ਤੋਂ ਉੱਚੇ ਗੰਨੇ ਉਗਾਉਣ ਦੇ ਲੱਗੇ ਮੇਲੇ ਵਿੱਚ ਬਾਪੂ ਜੀ ਦੋਵਾਂ ਮੁਕਾਬਲਿਆਂ ਨੂੰ ਜਿੱਤ ਕੇ ਜਦੋਂ ਇਨਾਮ ਵਿੱਚ ਮਿਲੀਆਂ ਸ਼ੀਲਡਾਂ ਦੋਵਾਂ ਹੱਥਾਂ ਵਿੱਚ ਚਾਈਂ-ਚਾਈਂ ਮੇਰੇ ਘਰ ਦੀ ਰਸੋਈ ਵਿੱਚ ਪੁੱਜੇ ਤਾਂ ਉਹ ਆਖਦੇ ਕਿ ਭਾਈ ਸਾਡੀਆਂ ਪਾਕਿਸਤਾਨ ਵਿੱਚ ਵੀ ਮੱਝਾਂ ਅਤੇ ਗੰਨੇ ਬੜੇ ਤਕੜੇ ਹੁੰਦੇ ਸੀ। ਉਨ੍ਹਾਂ ਗੱਲ ਕਰਨੀ ਹੋਵੇ, ਸਮਾਜ ਵਿੱਚ ਵਿਚਰਨਾ ਹੋਵੇ ਤਾਂ ਮੈਂ ਕਈ ਵਾਰੀ ਸੋਚਦਾ ਹੁੰਦਾ ਹਾਂ ਕਿ ਇਹ ਉਨ੍ਹਾਂ ਦਾ ਆਪਣੀ ਮਿੱਟੀ ਨਾਲ ਮੋਹ ਹੀ ਇੰਨਾ ਹੈ ਜਾਂ ਫਿਰ ਉੱਥੇ ਵਾਕਈ ਹੀ ਸਭ ਕੁੱਝ ਮੇਰੇ ਦੇਸ਼ ਤੋਂ ਤਕੜਾ ਹੈ ਕਿ ਪਾਕਿਸਤਾਨ ਵਿੱਚ ਜ਼ਰੂਰ ਫਸਲਾਂ ਅਤੇ ਪਸ਼ੂ ਧਨ ਭਾਰਤੀ ਪੰਜਾਬ ਨਾਲੋਂ ਜ਼ਰੂਰ ਤਕੜਾ ਹੋਵੇਗਾ।

ਮੈਂ ਆਪਣੇ ਵਿਹੜੇ ਵਿੱਚ ਗਰਮੀਆਂ (ਰੋਹੀ) ਦੇ ਮੌਸਮ ਵਿੱਚ ਪਰਿਵਾਰ ਨਾਲ ਟੱਬਰ ਸਮੇਤ ਘਰ ਵਿੱਚ ਸੌਂਦਾ ਹਾਂ ਤਾਂ ਕਈ ਵਾਰ ਵੇਖਿਆ ਕਿ ਬਾਪੂ ਜੀ ਨੇ ਸਵੇਰੇ ਉੱਠ ਕੇ ਕਹਿਣਾ ਕਿ ਬਈ ਮੈਂ ਤਾਂ ਸਾਰੀ ਰਾਤ 24 ਚੱਕ ਹੀ ਘੁੰਮੀ ਗਿਆ। ਉਨ੍ਹਾਂ ਨੂੰ ਆਪਣੀ ਮਿੱਟੀ ਨਾਲ ਇਸ਼ਕ ਦੀ ਹੱਦ ਤੱਕ ਮੋਹ ਤਿਓਂ ਹੋਣ ਕਰਕੇ ਬਚਪਨ ਅਤੇ ਜਵਾਨੀ ਦੇ ਦਿਨ ਪਾਕਿਸਤਾਨ ਵਿੱਚ ਬਿਤਾਏ ਹੋਣ ਕਰਕੇ ਅਤੇ ਬਲਦਾਂ ਦੀਆਂ ਜੋੜੀਆਂ ਨਾਲ ਉੱਥੇ ਖੇਤੀ ਕਰਨ ਦੀ ਮੁਸ਼ੱਕਤ ਤੇ ਸਰੀਰ ਨੂੰ ਮੁੜ੍ਹਕਾ ਲਿਆ ਕੇ 24 ਚੱਕ ਦੇ ਪਸੀਨੇ ਨਾਲ ਸਿੰਜੇ ਖੇਤਾਂ ਕਰ ਕੇ ਅਕਸਰ ਪਾਕਿਸਤਾਨ ਦੇ ਸੁਪਨੇ ਆਉਂਦੇ ਰਹਿੰਦੇ ਸਨ, ਪਰ ਉਹ ਕਈ ਵਾਰ ਆਪਣੇ ਮਨ ਵਿੱਚ ਪਾਕਿਸਤਾਨ ਜਾ ਕੇ ਆਪਣੇ ਪਿੰਡ ਤੇ ਆਪਣੇ ਖੇਤ ਵੇਖਣ ਦੀ ਇੱਛਾ ਤੇ ਤਾਂਘ ਮੇਰੇ ਨਾਲ ਸਾਂਝੀ ਕਰਦੇ, ਪਰ ਦੋ ਵਾਰ ਤਾਂ ਉਨ੍ਹਾਂ ਨੂੰ ਕਾਗਜ਼ਾਂ ਵਿੱਚ ਕੋਈ ਤਕਨੀਕੀ ਨੁਕਸ ਜਾਂ ਭਾਰਤ-ਪਾਕਿ ਦੇਸ਼ਾਂ ਦੇ ਹੁਕਮਰਾਨਾਂ ਦੀ ਇੱਕ ਦੂਜੇ ਪ੍ਰਤੀ ਵਧੀ ਨਫਰਤ ਦੇ ਬੀਜ ਵੀਜ਼ਾ ਦੇਣ ਵਿੱਚ ਅੜਿੱਕਾ ਬਣਦੇ ਰਹੇ, ਪਰ ਮੇਰੇ ਬਾਪੂ ਜੀ ਨੇ ਆਖਿਰ ਆਪਣਾ ਵਤਨ ਤੱਕਣ ਦੀ ਜ਼ਿੱਦ ਪੁਗਾ ਕੇ ਹੀ ਛੱਡੀ। ਉਨ੍ਹਾਂ ਨੂੰ ਪਾਕਿਸਤਾਨ ਜਾਣ ਲਈ ਪਾਕਿਸਤਾਨੀ ਅੰਬੈਸੀ ਵੱਲੋਂ ਵੀਜ਼ਾ ਮਿਲ ਗਿਆ। ਉਹ ਆਪਣੇ ਸਮਾਨ ਵਾਲਾ ਬੈਗ ਮੋਢੇ ਵਿੱਚ ਪਾ ਕੇ ਬੜੀ ਖੁਸ਼ ਮੁਦਰਾ ਵਿੱਚ ਆਪਣੀ ਜਨਮ ਭੂਮੀ ਲਈ ਰਵਾਨਾ ਹੋਏ। ਜਦੋਂ ਉਨ੍ਹਾਂ ਦੀ ਗੱਡੀ ਵਾਹਗਾ ਸਰਹੱਦ ਉੱਤੇ ਪਹੁੰਚੀ ਤਾਂ ਪਾਕਿਸਤਾਨੀ ਪੁਲਿਸ ਨੇ ਤੇ ਉੱਥੋਂ ਦੇ ਅਵਾਮ ਨੇ ਉਨ੍ਹਾਂ ਦਾ ਬਹੁਤ ਨਿੱਘਾ ਸਵਾਗਤ ਕੀਤਾ।

ਬਾਪੂ ਜੀ ਪੰਜ ਸਜਣੇ ਆਪਣੇ ਹੋਰ ਅੰਮ੍ਰਿਤਧਾਰੀ ਮਿੱਤਰਾਂ ਨੂੰ ਵੀ ਤਿਆਰ ਕਰਕੇ ਆਪਣੇ ਨਾਲ ਹੀ ਵੀਜ਼ਾ ਲੁਆ ਕੇ ਨਾਲ ਲੈ ਗਏ। ਉੱਥੋਂ ਦੀ ਪੁਲਿਸ ਦਾ ਸਲੀਕਾ ਦੇਖ ਕੇ ਉਹ ਪਾਕਿਸਤਾਨ ਦੇ ਉਜਾੜੇ ਨੂੰ ਜਿਵੇਂ ਭੁੱਲ ਗਏ ਹੋਣ। ਪਾਕਿਸਤਾਨੀ ਪੁਲਿਸ ਵੱਲੋਂ ਸਾਰੇ ਜੱਥੇ ਦੇ ਕਾਗਜ਼ ਸਹੀ ਪਾਏ ਜਾਣ ਉੱਤੇ ਉੱਥੇ ਬਾਰਡਰ ਤੋਂ ਲੈਣ ਆਏ ਇੱਕ ਪੁਲਿਸ ਦੇ ਐੱਸ.ਪੀ.ਰੈਂਕ ਦੇ ਅਧਿਕਾਰੀ ਨਾਲ ਜਦੋਂ ਬਾਪੂ ਜੀ ਨੇ ਵਾਕਫੀਅਤ ਲੈਣੀ ਚਾਹੀ ਤਾਂ ਉਸ ਦੇ ਬਜ਼ੁਰਗਾਂ ਦਾ ਪਿਛੋਕੜ ਭਾਰਤੀ ਪੰਜਾਬ ਦਾ ਅਤੇ ਸਾਡੇ ਪਿੰਡਾਂ ਦੇ ਨੇੜੇ ਦਾ ਨਿਕਲ ਆਇਆ ਤੇ ਉਹ ਪੁਲਿਸ ਅਫਸਰ ਕੋਈ ਸਾਂਝ ਜੁੜਨ ਕਰਕੇ ਪੂਰੇ ਗਹੁ ਨਾਲ ਲੈਣ ਲੱਗ ਪਿਆ। ਉਸ ਨੇ ਕਿਹਾ ਕਿ ਬਾਪੂ ਜੀ ਤੁਸੀਂ ਹੁਣ ਤਾਂ ਮੇਰੇ ਪਿੰਡ ਦੇ ਹੀ ਸਮਝੋ। ਮੈਨੂੰ ਦੱਸੋ ਕਿ ਮੈਂ ਆਪਣੇ ਦੇਸ਼ ਵਿੱਚ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਮੇਰੇ ਬਾਪੂ ਜੀ ਨੇ ਉਸ ਨੂੰ ਕਿਹਾ ਕਿ ਜੇਕਰ ਤੁਸੀਂ ਸਾਨੂੰ ਸਾਡਾ ਪਿੰਡ 24 ਚੱਕ ਵਿਖਾ ਦਿਓ ਤਾਂ ਹੀ ਇਹ ਤੁਹਾਡੀ ਸਭ ਤੋਂ ਵੱਡੀ ਸੇਵਾ ਹੋਵੇਗੀ। ਉਸ ਨੇ ਆਪਣੇ ਉੱਚ ਅਧਿਕਾਰੀਆਂ ਤੋਂ ਮੇਰੇ ਬਾਪੂ ਜੀ ਨੂੰ ਆਪਣਾ ਪਿੰਡ ਦੇਖਣ ਦੀ ਇਜਾਜਤ ਦਿਵਾ ਦਿੱਤੀ। ਬਾਪੂ ਜੀ ਨੇ ਦੱਸਿਆ ਕਿ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰਬਰ 24 ਤੱਕ ਜਾਣ ਲਈ ਉਸ ਨੇ ਗੱਡੀ ਵੀ ਟੈਕਸੀ ਸਟੈਂਡ ਤੋਂ ਸਾਨੂੰ ਵਧੀਆ ਕਰਵਾ ਕੇ ਜਾਇਜ਼ ਰੇਟ ਵਿੱਚ ਦਿੱਤੀ, ਬੇਸ਼ੱਕ ਪੈਸੇ ਅਸੀਂ ਦਿੱਤੇ।

ਉਨ੍ਹਾਂ ਦੱਸਿਆ ਕਿ ਲਾਇਲਪੁਰ ਜ਼ਿਲ੍ਹੇ ਦੀ ਹੱਦ ਅੰਦਰ ਵੜ੍ਹਦਿਆਂ ਮੇਰੀਆਂ ਅੱਖਾਂ ਭਰ ਆਈਆਂ ਕਿ ਅੱਜ ਤੋਂ ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ ਮੈਂ ਖੁਦ ਆਪਣਾ ਗੱਡਾ ਹੱਕ ਕੇ ਉਜੜ ਕੇ ਗਿਆ ਸੀ। ਬੜੀ ਮੁਸ਼ਕਲ ਨਾਲ ਫਸਾਦੀਆਂ ਤੋਂ ਆਪਣੀ ਅਤੇ ਆਪਣੇ ਟੱਬਰ ਦੀ ਲੁਕ-ਲੁਕ ਜਾਨ ਬਚਾ ਕੇ ਮਸੀਂ ਸੁਰੱਖਿਅਤ ਭਾਰਤੀ ਪੰਜਾਬ ਵਿੱਚ ਪਹੁੰਚਿਆ ਸੀ, ਪਰ ਅੱਜ 50 ਸਾਲ ਬਾਅਦ ਗੱਡੇ ਤੋਂ ਬਾਅਦ ਗੱਡੀ ਦਾ ਸਫਰ ਬੜਾ ਅਜੀਬ ਹੀ ਨਹੀਂ, ਬੜਾ ਅਜੀਬ ਲੱਗਦਾ ਸੀ। ਮਨ ਵਿੱਚ ਆਪਣਾ ਪਿੰਡ, ਆਪਣਾ ਘਰ, ਆਪਣੇ ਖੇਤ ਵੇਖਣ ਦੀ ਬਹੁਤ ਤਾਂਘ ਸੀ। ਹੌਲੀ-ਹੌਲੀ ਡਰਾਈਵਰ ਗੱਡੀ ਚੱਲਾ ਰਿਹਾ ਸੀ ਤੇ ਮੈਂ ਪਾਕਿਸਤਾਨ ਦੇ ਖੇਤ ਵੇਖ ਰਿਹਾ ਸਾਂ, ਜੋ ਕਿ ਸੇਮ ਕਾਰਨ ਫਸਲ ਦਾ ਬਹੁਤ ਬੁਰਾ ਹਾਲ ਸੀ। ਮੈਂ ਸੋਚ ਰਿਹਾ ਸੀ ਕਿ ਕਦੇ ਇਨ੍ਹਾਂ ਖੇਤਾਂ ਵਿੱਚ ਫਸਲ ਦੇ ਵੱਡੇ-ਵੱਡੇ ਬੋਹਲ ਵੀ ਪਏ ਵੇਖੇ ਸੀ, ਪਰ ਅੱਜ ਉਜੜੀਆਂ ਫਸਲਾਂ ਨੂੰ ਤੱਕ ਰਿਹਾ ਹਾਂ। ਹੁਣ ਸਾਡੀ ਗੱਡੀ ਪਿੰਡ ਦੇ ਨੇੜੇ ਚੱਕ ਨੰਬਰ 24 ਵਿੱਚ ਜਾ ਪੁੱਜੀ। ਮੈਂ ਗੱਡੀ ਦੇ ਡਰਾਈਵਰ ਨੂੰ ਕਿਹਾ ਕਿ ਗੱਡੀ ਨੂੰ ਬਾਹਰਵਾਰ ਹੀ ਰੋਕ ਦੇਵੇ। ਅਸੀਂ ਵੇਖਿਆ ਕਿ ਇੱਕ ਮੁਸਲਮਾਨ ਇੱਕ ਮੱਝ ਨੂੰ ਪਾਣੀ ਪਿਲਾਉਣ ਲਈ ਖਿੱਚਦਾ ਆ ਰਿਹਾ ਸੀ। ਜਦੋਂ ਅਸੀਂ ਪੰਜੇ ਅੰਮ੍ਰਿਤਧਾਰੀ ਸਿੰਘ ਗੱਡੀ ਤੋਂ ਬਾਹਰ ਆਏ ਤਾਂ ਉਹ ਵਿਚਾਰਾ ਡਰ ਕੇ ਆਪਣੀ ਮੱਝ ਦਾ ਸੰਗਲ ਛੱਡ ਕੇ ਭੱਜ ਗਿਆ ਅਤੇ ਉਸ ਨੂੰ ਦੇਖ ਕੇ ਪਿੰਡ ਦੇ ਨਿਆਣਿਆਂ ਨੇ ਵੀ ਰੌਲਾ ਪਾ ਦਿੱਤਾ। ਕੌਣ ਆ ਗਏ ਅੱਤਵਾਦੀ ਆ ਗਏ। ਥੋੜ੍ਹੀ ਦੇਰ ਬਾਅਦ ਮੈਂ ਉਸ ਨੂੰ ਬਹੁਤ ਉੱਚੀ ਆਵਾਜ਼ ਵਿੱਚ ਕਿਹਾ ਕਿ ਭਾਈ ਡਰੋਂ ਨਾ ਅਸੀਂ ਤਾਂ ਤੁਹਾਡੇ ਹੀ ਪਿੰਡ ਦੇ ਵਸਨੀਕ ਹਾਂ, ਉਜੜ ਕੇ ਹਿੰਦੋਸਤਾਨ ਚੱਲੇ ਗਏ ਸੀ। ਅੱਜ ਆਪਣਾ ਜੱਦੀ ਪਿੰਡ ਵੇਖਣ ਆਏ ਹਾਂ।

ਉਸ ਨੇ ਗੱਲ ਨੂੰ ਸਮਝ ਕੇ ਨਿਆਣਿਆਂ ਨੂੰ ਕਿਹਾ ਕਿ ਜੁਆਕੋ ਡਰੋ ਨਾ ਇਹ ਤਾਂ ਹਿੰਦੋਸਤਾਨੀ ਆਪਣਾ ਵਤਨ ਵੇਖਣ ਆਏ ਹਨ। ਇੰਨੇ ਨੂੰ ਡਰੇ ਖਿੰਡੇ-ਪੁੰਡੇ ਨਿਆਣੇ ਹੌਲੀ-ਹੌਲੀ ਇਕੱਠੇ ਹੋ ਕੇ ਸਾਡੇ ਕੋਲ ਹੋਰ ਪਿੰਡ ਦੇ ਸਿਆਣੇ ਲੋਕਾਂ ਨਾਲ ਕਾਰ ਕੋਲ ਪੁੱਜ ਗਏ। ਬਾਪੂ ਜੀ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਸਫਰ ਕਰਨ ਲਈ ਬਹੁਤ ਵੱਡੀਆਂ ਬਦੇਸ਼ੀ ਕਾਰਾਂ ਹਨ, ਜੋ ਕਿ ਕਾਫੀ ਤੇਜ਼ ਗਤੀ ਨਾਲ ਚੱਲਦੀਆਂ ਹਨ।

ਪਿੰਡ ਵਾਸੀਆਂ ਨੇ ਸਾਡਾ ਬਹੁਤ ਨਾ ਭੁੱਲਣਵਾਲਾ ਸਵਾਗਤ ਕੀਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਭਾਈ ਮੈਂ ਆਪਣਾ ਘਰ ਤਾਂ ਆਪ ਹੀ ਪਛਾਣਾਂਗਾ, ਪਰ ਮੈਨੂੰ ਪਿੰਡ ਵਾਲਾ ਖੂਹ ਜਿੱਥੋਂ ਹੋਇਆ ਕਰਦਾ ਸੀ, ਉਸ ਦੀ ਨਿਸ਼ਾਨੀ ਜ਼ਰੂਰ ਦੱਸ ਦਿਓ। ਉਨ੍ਹਾਂ ਨੇ ਖੂਹ ਦੀ ਨਿਸ਼ਾਨੀ ਮੈਨੂੰ ਦੱਸ ਦਿੱਤੀ, ਫਿਰ ਮੈਂ ਬੜੀ ਕੋਸ਼ਿਸ਼ ਕਰਨ ਮਗਰੋਂ ਆਪਣਾ ਜੱਦੀ ਘਰ ਜਦੋਂ ਲੱਭ ਲਿਆ ਤਾਂ ਪਿੰਡ ਦੀਆਂ ਗਲੀਆਂ ਬਹੁਤ ਚੌੜੀਆਂ ਹੁੰਦੀਆਂ ਸਨ, ਪਰ ਅੱਜ ਪਿੰਡਾਂ ਵਿੱਚ ਅਬਾਦੀ ਵੱਧਣ ਕਰਕੇ ਲੋਕਾਂ ਨੇ ਗਲੀਆਂ ਛੱਤ ਕੇ ਉੱਥੇ ਮਕਾਨ ਬਣਾ ਲਏ ਹਨ ਅਤੇ ਗਲੀਆਂ ਬੇਹੱਦ ਭੀੜੀਆਂ ਹੋ ਗਈਆਂ ਹਨ। ਫਿਰ ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਪਿੰਡ ਦਾ ਤੇਲੀਆਂ ਦਾ ਮੁੰਡਾ ਮੁੰਮੂ ਮੇਰਾ ਜਮਾਤੀ ਹੋਇਆ ਕਰਦਾ ਸੀ, ਉਹ ਕਿੱਥੇ ਹੈ? ਲੋਕੀਂ ਮੈਨੂੰ ਉਸ ਦੇ ਘਰ ਲੈ ਗਏ, ਪਰ ਮੰਮੂ ਅੱਜ-ਕੱਲ੍ਹ ਬਜ਼ੁਰਗ ਹੋ ਚੁੱਕਿਆ ਸੀ। ਉਹ ਆਪਣੀਆਂ ਮੱਝਾਂ ਲਈ ਪੱਠੇ ਲੈਣ ਗਿਆ ਹੋਇਆ ਸੀ। ਸਾਨੂੰ ਉਸ ਦੇ ਘਰ ਦੇ ਮੈਂਬਰਾਂ ਨੇ ਹੱਥਾਂ ਤੇ ਚੁੱਕ ਲਿਆ। ਪਹਿਲਾਂ ਤੱਤਾ-ਤੱਤਾ ਗਰਮ ਦੁੱਧ ਪਿਲਾਇਆ ਅਤੇ ਫਿਰ ਮੰਮੂ ਨੂੰ ਖੇਤਾਂ ਵਿੱਚ ਸਾਡੇ ਆਉਣ ਦੀ ਖਬਰ ਪਹੁੰਚਾਈ। ਉਨ੍ਹਾਂ ਦੱਸਿਆ ਕਿ ਮੈਂ ਆਪਣੇ ਦੋਸਤ ਨੇਕੂ ਬਾਰੇ ਪੁੱਛਿਆ ਤਾਂ ਉਹ ਜਹਾਨੋਂ ਕੂਚ ਕਰ ਗਿਆ ਸੀ। ਮੈਨੂੰ ਉਸ ਦੀ ਮੌਤ ਦਾ ਬਹੁਤ ਅਫਸੋਸ ਹੋਇਆ ਤੇ ਮੇਰੀਆਂ ਅੱਖਾਂ ਭਰ ਆਈਆਂ। ਇੰਨੇ ਨੂੰ ਮੰਮੂ ਖੇਤਾਂ ਵਿੱਚੋਂ ਪੱਠੇ ਵੱਢਦਾ ਵਿੱਚੇ ਛੱਡ ਕੇ ਘਰ ਜਦੋਂ ਆਇਆ ਸੀ ਤਾਂ ਮੈਂ ਅੱਧੀ ਸਦੀ ਮਗਰੋਂ ਉਸ ਨੂੰ ਜੱਫੀ ਵਿੱਚ ਲੈ ਕੇ ਪੁੱਛਿਆ "ਮਮੂ ਪਛਾਣ ਮੈਂ ਕੌਣ ਹਾਂ ਤਾਂ ਉਹ ਮੈਨੂੰ ਪਛਾਣ ਨਾ ਸਕਿਆ।"

ਮੈਂ ਕਿਹਾ ਕਿ ਮੈਂ ਤਾਂ ਯਾਰ ਤੈਨੂੰ ਪਛਾਣ ਹੀ ਲਿਆ ਫੇਰ। ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਤੇਰਾ ਬਚਪਨ ਦਾ ਜਮਾਤੀ ਦੋਸਤ ਹਾਂ ਤਾਂ ਉਹ ਬਹੁਤ ਘੁੱਟ ਕੇ ਮੈਨੂੰ ਜੱਫੀ ਪਾ ਕੇ ਬਹੁਤ ਹੀ ਉੱਚੀ-ਉੱਚੀ ਰੋਣ ਲੱਗ ਪਿਆ। ਸਾਰੇ ਹੀ ਪਿੰਡ ਵਾਲੇ ਬੱਚਿਆਂ ਸਮੇਤ ਰੋਣ ਲੱਗ ਪਏ। ਜੇਕਰ ਮੇਰੇ ਕੋਲ ਮੂਵੀ ਕੈਮਰਾ ਹੁੰਦਾ ਤਾਂ ਇਹ ਬਹੁਤ ਹੀ ਕੀਮਤੀ, ਇਤਿਹਾਸਕ, ਗਮਗੀਨ ਪਲ ਵੇਖ ਕੇ ਹੀ ਉਨ੍ਹਾਂ ਦੇ ਪਿਆਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਮੈਂ ਫਿਰ ਥੋੜ੍ਹਾ ਸੰਭਲਣ ਮਗਰੋਂ ਉਸ ਨੂੰ ਕਿਹਾ ਕਿ ਮੈਨੂੰ ਆਪਣਾ ਪਿੰਡ ਵਿਚਲਾ ਪ੍ਰਾਇਮਰੀ ਸਕੂਲ ਵਿਖਾ ਕੇ ਆਵੇ ਤਾਂ ਉਹ ਮੈਨੂੰ ਸਕੂਲ ਵਿਖਾਉਣ ਜਦੋਂ ਗਿਆ ਤਾਂ ਪਿੰਡ ਵਾਸੀ ਇੱਥੋਂ ਤੱਕ ਕਿ ਸਾਡੇ ਪਿੰਡ ਦੇ ਬਜ਼ੁਰਗ ਖੂੰਡੀ ਲੈ ਕੇ ਵੀ ਨਾਲ ਜਾ ਰਹੇ ਸਨ। ਇੰਨੇ ਨੂੰ ਪਿੰਡ ਵਾਲਿਆਂ ਨੇ ਕੈਮਰਾਮੈਨ ਬੁਲਾ ਲਿਆ। ਸਾਰੇ ਪਿੰਡ ਨੇ ਵਾਰੋ-ਵਾਰੀ ਸਾਡੇ ਨਾਲ ਫੋਟੋਆਂ ਖਿਚਵਾਈਆਂ। ਉਨ੍ਹਾਂ ਦੱਸਿਆ ਕਿ ਮੈਂ ਵੇਖਿਆ ਕਿ ਸਕੂਲ ਦੀ ਇਮਾਰਤ ਪੂਰੀ ਖਸਤਾ ਹੋਈ ਪਈ ਸੀ ਅਤੇ ਵਿਹੜੇ ਵਿੱਚ ਪਾਣੀ ਖੜ੍ਹਾ ਸੀ, ਜਿੱਥੇ ਕਦੇ ਅਸੀਂ ਬੈਠ ਕੇ ਪੜ੍ਹਿਆ ਕਰਦੇ ਸੀ। ਉਨ੍ਹਾਂ ਦੱਸਿਆ ਕਿ ਫਿਰ ਅਸੀਂ ਜਦੋਂ ਆਪਣੇ ਖੇਤਾਂ ਵਿੱਚ ਪੁੱਜੇ ਤਾਂ ਜ਼ਮੀਨ ਵਾਹੁਣ ਵਾਲੇ ਮੁਸਲਮਾਨ ਨੂੰ ਕਿਸੇ ਨੇ ਡਰਾ ਦਿੱਤਾ ਕਿ ਤੇਰੀ ਜ਼ਮੀਨ ਦੱਬਣ ਆਏ ਹਨ।

ਉਹ ਵਿਚਾਰਾ ਨੰਗੇ ਪੈਰੀਂ ਸਾਹੋ-ਸਾਹੀ ਹੋਇਆ ਆ ਪਹੁੰਚਿਆ। ਉਨ੍ਹਾਂ ਦੱਸਿਆ ਕਿ ਮੁਸਲਮਾਨਾਂ ਨੇ ਗਰੀਬੀ ਕਰਕੇ ਖੇਤਾਂ ਵਿਚਲੀ ਮਿੱਟੀ ਹੀ ਵੇਚ ਕੇ ਖੇਤ ਡੂੰਘੇ ਕਰ ਦਿੱਤੇ। ਫਸਲ ਵੀ ਬਹੁਤ ਕਮਜ਼ੋਰ ਜਿਹੀ ਦੇਖ ਕੇ ਮੈਂ ਕਿਹਾ ਕਿ ਕੀ ਕਰਤਾ ਭਾਈ ਖੇਤਾਂ ਨੂੰ ਇੱਥੋਂ ਤਾਂ ਗੱਡੇ ਲੱਦੀਦੇ ਸੀ, ਤਾਂ ਉਹ ਬੇਵੱਸ ਤੱਕੀ ਜਾਵੇ। ਸਾਰਾ ਪਿੰਡ ਸਾਨੂੰ ਰਾਤ ਰਹਿਣ ਲਈ ਜ਼ੋਰ ਦੇ ਰਿਹਾ ਸੀ, ਪਰ ਸਮਾਂ ਘੱਟ ਹੋਣ ਕਰਕੇ ਉਹ ਆਪਣਾ ਪਿੰਡ ਵੇਖ ਕੇ ਵਾਪਸ ਲਾਹੌਰ ਆ ਗਏ। ਬਾਪੂ ਜੀ ਨੇ ਮੈਨੂੰ ਲਾਹੌਰ ਤੋਂ ਫੋਨ ਉੱਤੇ ਪੁੱਛਿਆ ਕਿ ਪੁੱਤ ਤੇਰੇ ਲਈ ਕੀ ਲਿਆਵਾਂ, ਤਾਂ ਮੈਂ ਕਿਹਾ ਕਿ ਆਪਣੇ ਪਿੰਡ ਦੀ ਮਿੱਟੀ। ਮੇਰੇ ਬਾਪੂ ਜੀ ਆਪਣੇ ਪਿੰਡ ਦੀ ਮਿੱਟੀ ਦੀ ਥੈਲੀ ਲੈ ਕੇ ਆਏ, ਜੋ ਸਾਡੇ ਘਰੇ ਅੱਜ ਵੀ ਸਾਂਭ ਕੇ ਰੱਖੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਮੈਨੂੰ ਉਦੋਂ ਬਹੁਤ ਹੈਰਾਨੀ ਹੋਈ, ਜਦੋਂ ਸਾਡੇ ਪਿੰਡ ਵਾਸੀਆਂ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ ਕਦੇ ਕਿਸੇ ਨੇ ਅੰਮ੍ਰਿਤਧਾਰੀ ਸਿੱਖ ਨੂੰ ਦੇਖਿਆ ਹੀ ਨਹੀਂ। ਬਾਪੂ ਜੀ ਨੇ ਕਿਹਾ ਕਿ ਪਾਕਿਸਤਾਨੀ ਲੋਕਾਂ ਦੀ ਆਰਥਿਕ ਹਾਲਤ ਤਾਂ ਬੇਸ਼ੱਕ ਪਤਲੀ ਹੋਣ ਕਰਕੇ ਗਰੀਬੀ ਹੈ, ਪਰ ਉਹ ਲੋਕ ਦਿਲਾਂ ਦੇ ਬਹੁਤ ਅਮੀਰ ਹਨ। ਇਸ ਤਰ੍ਹਾਂ ਕਰਕੇ ਮੇਰੇ ਬਾਪੂ ਦੀ ਪਾਕਿਸਤਾਨ ਤੱਕਣ ਦੀ ਖਾਹਿਸ਼ ਮਸਾਂ ਪੂਰੀ ਹੋ ਸਕੀ।

ਗੁਰਿੰਦਰਜੀਤ ਸਿੰਘ ਪੀਰ ਜੈਨ

ਸਭ ਤੋਂ ਵੱਡਾ ਲੋਕਰਾਜ

ਸਭ ਤੋਂ ਵੱਡਾ ਲੋਕਰਾਜ ਅਖਵਾਉਂਦਾ ਹੈ,
ਭਾਰਤ ਦੇਸ਼ ਮਹਾਨ, ਸੁਣਨ ਵਿੱਚ ਆਉਂਦਾ ਹੈ।
ਸੰਸਦ ਬਣੀ ਅਖਾੜਾ ਸ਼ੋਰ-ਸ਼ਰਾਬੇ ਦਾ,
ਕਾਰਵਾਈ ਨੂੰ ਦੇਖ, ਪਸੀਨਾ ਆਉਂਦਾ ਹੈ।
ਨਿੱਕੇ ਬੱਚੇ ਪੁੱਛਣ ਬੰਦੇ ਲੜਦੇ ਕਿਉਂ?
ਇੱਕ ਮੈਂਬਰ ਕਿਉਂ ਦੂਜੇ ਨੂੰ ਧਮਕਾਉਂਦਾ ਹੈ,
ਲੋਕਤੰਤਰੀ ਨੇਮਾਂ ਅਤੇ ਰਵਾਇਤਾਂ ਨੂੰ।
ਅਕਸਰ ਨੇਤਾ ਮਿੱਟੀ ਵਿੱਚ ਮਿਲਾਉਂਦਾ ਹੈਂ,
ਬੋਲਣ ਸਾਰੇ ਕੋਈ ਕਿਸੇ ਦੀ ਸੁਣਦਾ ਨਾ,
ਹਰ ਕੋਈ ਆਪੋ-ਆਪਣੀ ਢੱਡ ਵਜਾਉਂਦਾ ਹੈ।
ਬੇਚਾਰਾ ਬੇਬੱਸ ਸਪੀਕਰ ਅਕਸਰ ਹੀ,
ਸ਼ਾਂਤ ਰਹਿਣ ਲਈ ਹਾਊਸ ਨੂੰ ਤਰਲੇ ਪਾਉਂਦਾ ਹੈ।
ਹੱਥੋ-ਪਾਈ ਵਿੱਚ ਕੁਰਸੀਆਂ ਚੱਲ ਗਈਆਂ,
ਮਾਈਕਰੋਫੋਨ, ਹਵਾ ਵਿੱਚ ਲਹਿਰਾਉਂਦਾ ਹੈ।
ਨੇਤਾ-ਲੋਕ ਕੀ ਜਾਨਣ, ਖੂਨ ਪਸੀਨੇ ਨੂੰ,
ਇੱਕ-ਇੱਕ ਦਿਨ ਦਾ ਲੱਖਾਂ ਖਰਚਾ ਆਉਂਦਾ ਹੈ।
ਕਿਹੜਾ ਕੰਮ ਜੋ ਲੀਡਰ-ਲੋਕ ਨਹੀਂ ਕਰਦੇ,
ਨਹੀਂ ਕਰਦੇ ਜੋ ਆਮ ਆਦਮੀ ਚਾਹੁੰਦਾ ਹੈ,
ਲੋਕ-ਨੁਮਾਇੰਦੇ, ਕੜੇ ਕਾਨੂੰਨ ਤੋਂ ਉੱਤੇ ਨੇ।
ਸਹਿਜਲ ਦੇਸ਼ ਨੂੰ ਕੋਈ ਰੱਬ ਚਲਾਉਂਦਾ ਹੈ।

ਸੋਹਣ ਸਹਿਜਲ
ਅਰਬਨ ਅਸਟੇਟ ਫਗਵਾੜਾ
ਮੋ-98881-83885

CMYK